HIGH STANDARD NEWS

# ਹਾਈ ਸਟੈਂਡਰਡ ਨਿਊਜ਼

HIGHSTANDARDNEWS

Date 5.07.2024

www.hsnnews.in | PUNPUN/2024/86289 | President:-Shailzadwivedi | Email:info@hsnnews.in

Vol.11 | July 2024 | Published in Punjab | Pages 8


## ਖੂਹ 'ਚ ਜ਼ਹਿਰੀਲੀ ਗੈਸ ਦੇ ਰਿਸਾਅ ਕਾਰਨ 5 ਲੋਕਾਂ ਦੀ ਮੌਤ



ਛੱਤੀਸਗੜ੍ਹ ਦੇ ਜੰਜਗੀਰ ਚੰਪਾ ਜ਼ਿਲ੍ਹੇ 'ਚ ਸ਼ੁੱਕਰਵਾਰ ਸਵੇਰੇ ਇਕ ਦਰਦਨਾਕ ਹਾਦਸਾ ਵਾਪਰਿਆ। ਇੱਥੇ ਇਕ ਖੂਹ ਨੇ 5 ਲੋਕਾਂ ਦੀ ਜਾਨ ਲੈ ਲਈ ਹੈ। ਦਰਅਸਲ ਖੂਹ 'ਚ ਡਿੱਗੇ ਇਕ ਵਿਅਕਤੀ ਨੂੰ ਬਚਾਉਣ ਦੀ ਕੋਸ਼ਿਸ਼ 'ਚ 5 ਲੋਕਾਂ ਦੀ ਮੌਤ ਹੋ ਗਈ। ਹਾਦਸੇ ਤੋਂ ਬਾਅਦ ਪਿੰਡ 'ਚ ਸੋਗ ਦਾ ਮਾਹੌਲ ਹੈ। ਦੱਸਿਆ ਜਾ ਰਿਹਾ ਹੈ ਕਿ ਖੂਹ 'ਚ ਜ਼ਹਿਰੀਲੀ ਗੈਸ ਫੈਲ ਗਈ, ਜਿਸ ਕਾਰਨ ਇਨ੍ਹਾਂ ਸਾਰਿਆਂ ਦੀ ਮੌਤ ਹੋਈ ਦੱਸੀ ਜਾ ਰਹੀ ਹੈ। ਘਟਨਾ ਦੀ ਸੂਚਨਾ ਮਿਲਣ ਤੋਂ ਬਾਅਦ ਪੁਲਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਮਰਨ ਵਾਲਿਆਂ ਵਿਚ ਪਿਤਾ, ਉਸ ਦੇ ਦੋ ਪੁੱਤਰ ਅਤੇ ਦੋ ਹੋਰ ਲੋਕ ਸ਼ਾਮਲ ਹਨ। ਘਟਨਾ ਜ਼ਿਲ੍ਹੇ ਦੇ ਬਿਰਰਾ ਥਾਣਾ ਖੇਤਰ ਦੀ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਬਿਰਰਾ ਥਾਣਾ ਖੇਤਰ 'ਚ ਰਹਿਣ ਵਾਲਾ ਰਾਜਿੰਦਰ ਜੈਸਵਾਲ ਘਰ ਦੇ ਪਿੱਛੇ ਖੂਹ 'ਚ ਡਿੱਗੀ ਲੱਕੜ ਨੂੰ ਬਾਹਰ ਕੱਢਣ ਗਿਆ ਸੀ। ਇਸ ਦੌਰਾਨ ਖੂਹ 'ਚ ਗੈਸ ਲੀਕ ਹੋਣ ਲੱਗੀ। ਜਦੋਂ ਗੁਆਂਢੀ ਰਮੇਸ਼ ਪਟੇਲ ਉਸ ਨੂੰ ਬਚਾਉਣ ਲਈ ਖੂਹ 'ਚ ਗਿਆ ਤਾਂ ਉਸ ਦਾ ਵੀ ਦਮ ਘੁੱਟਣ ਲੱਗਾ। ਇਹ ਦੇਖ ਕੇ ਉਸ ਦੇ ਦੋਵੇਂ ਪੁੱਤਰ ਰਾਜਿੰਦਰ ਪਟੇਲ ਅਤੇ ਜਤਿੰਦਰ ਪਟੇਲ ਵੀ ਉਸ ਨੂੰ ਬਚਾਉਣ ਲਈ ਖੂਹ ਦੇ ਅੰਦਰ ਚਲੇ ਗਏ। ਇਸ ਤੋਂ ਬਾਅਦ ਗੁਆਂਢੀ ਟਿਕੇਸ਼ ਚੰਦਰ ਵੀ ਉਨ੍ਹਾਂ ਨੂੰ ਬਚਾਉਣ ਲਈ ਖੂਹ 'ਚ ਚਲਾ ਗਿਆ। ਸਾਰਿਆਂ ਦਾ ਦਮ ਘੁੱਟ ਗਿਆ ਅਤੇ ਕੋਈ ਬਾਹਰ ਨਹੀਂ ਆ ਸਕਿਆ।

ਇਹ ਦੇਖ ਕੇ ਰੌਲਾ ਪੈ ਗਿਆ। ਖੂਹ ਵਿਚ ਡਿੱਗਣ ਵਾਲੇ ਹਰ ਵਿਅਕਤੀ ਦੀ ਮੌਤ ਹੋ ਚੁੱਕੀ ਸੀ। ਇਸ ਦੀ ਸੂਚਨਾ ਤੁਰੰਤ ਪੁਲਸ ਨੂੰ ਦਿੱਤੀ ਗਈ। ਮੌਕੇ 'ਤੇ ਪਹੁੰਚੀ ਪੁਲਸ ਨੇ SDRF ਦੀ ਟੀਮ ਨੇ ਮੌਕੇ 'ਤੇ ਪਹੁੰਚ ਕੇ ਸਾਰੀਆਂ ਲਾਸ਼ਾਂ ਨੂੰ ਬਾਹਰ ਕੱਢਿਆ ਅਤੇ ਪੋਸਟਮਾਰਟਮ ਲਈ ਭੇਜ ਦਿੱਤਾ। ਇਕੋ ਸਮੇਂ 5 ਵਿਅਕਤੀਆਂ ਦੀ ਮੌਤ ਹੋਣ ਕਾਰਨ ਪਿੰਡ ਵਿਚ ਸੋਗ ਦਾ ਮਾਹੌਲ ਹੈ। ਪੁਲਸ ਨੇ ਦੱਸਿਆ ਕਿ ਇਹ ਘਟਨਾ ਅੱਜ ਸਵੇਰੇ 7.30 ਵਜੇ ਵਾਪਰੀ। ਪਤੀ ਰਾਜਿੰਦਰ ਜੈਸਵਾਲ ਦੇ ਖੂਹ 'ਚ ਡਿੱਗਣ ਤੋਂ ਬਾਅਦ ਪਤਨੀ ਨੇ ਉਸ ਨੂੰ ਬਚਾਉਣ ਲਈ ਆਲੇ-ਦੁਆਲੇ ਦੇ ਲੋਕਾਂ ਨੂੰ ਬੁਲਾਇਆ। ਜਿੱਥੇ ਇਕ-ਇਕ ਕਰਕੇ ਕਈ ਲੋਕ ਖੂਹ 'ਚ ਉਤਰ ਗਏ, ਉੱਥੇ ਗੈਸ ਲੀਕ ਹੋਣ ਕਾਰਨ ਉਨ੍ਹਾਂ ਦੀ ਮੌਤ ਹੋ ਗਈ।

## Foxconn ਦੇ ਚੇਅਰਮੈਨ ਯੰਗ ਲਿਊ ਆਉਣਗੇ ਭਾਰਤ




ਤਾਈਵਾਨੀ ਇਲੈਕਟ੍ਰੋਨਿਕਸ ਕੰਪਨੀ ਫਾਕਸਕਾਨ ਦੇ ਚੇਅਰਮੈਨ ਯੰਗ ਲਿਊ ਇਸ ਸਾਲ ਭਾਰਤ ਆਉਣ ਦੀ ਯੋਜਨਾ ਬਣਾ ਰਹੇ ਹਨ। ਲਿਊ ਨੂੰ 4 ਜੁਲਾਈ ਨੂੰ ਤਾਈਪੇ ਵਿੱਚ ਪਦਮ ਭੂਸ਼ਣ ਪੁਰਸਕਾਰ ਦਿੱਤਾ ਗਿਆ ਸੀ। ਇੰਡੀਆ-ਤਾਈਪੇ ਐਸੋਸੀਏਸ਼ਨ ਦੇ ਡਾਇਰੈਕਟਰ ਜਨਰਲ ਮਨਹਰਸਿੰਘ ਯਾਦਵ ਨੇ ਉਨ੍ਹਾਂ ਨੂੰ ਇਹ ਐਵਾਰਡ ਦਿੱਤਾ। ਇਸ ਸਾਲ 75ਵੇਂ ਗਣਤੰਤਰ ਦਿਵਸ ਦੀ ਪੂਰਵ ਸੰਧਿਆ 'ਤੇ ਉਨ੍ਹਾਂ ਨੂੰ ਤੀਜੇ ਸਭ ਤੋਂ ਵੱਡੇ ਨਾਗਰਿਕ ਪੁਰਸਕਾਰ ਪਦਮ ਭੂਸ਼ਣ ਨਾਲ ਸਨਮਾਨਿਤ ਕਰਨ ਦਾ ਐਲਾਨ ਕੀਤਾ ਗਿਆ ਸੀ। ਲਿਊ ਨੇ ਬਿਆਨ ਵਿੱਚ ਕਿਹਾ, "...ਮੈਂ ਇਹ ਪੁਰਸਕਾਰ ਪ੍ਰਾਪਤ ਕਰਕੇ ਨਿਮਰ ਹਾਂ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਮੈਨੂੰ ਉਨ੍ਹਾਂ ਸਾਰੀਆਂ ਔਰਤਾਂ ਅਤੇ ਮਰਦਾਂ ਦੀ ਤਰਫੋਂ ਇਹ ਪੁਰਸਕਾਰ ਸਵੀਕਾਰ ਕਰਦੇ ਹੋਏ ਬਹੁਤ ਮਾਣ ਮਹਿਸੂਸ ਹੋ ਰਿਹਾ ਹੈ ਜੋ ਭਾਰਤ ਵਿੱਚ ਵਧਦੀ ਸਥਾਨਕ ਅਰਥਵਿਵਸਥਾਵਾਂ ਵਿੱਚ ਯੋਗਦਾਨ ਪਾ ਰਹੇ ਹਨ... ਮੈਂ ਇਸ ਸਾਲ ਭਾਰਤ ਵਿੱਚ ਰਾਸ਼ਟਰਪਤੀ ਨੂੰ ਮਿਲਣ ਲਈ ਉਤਸ਼ਾਹਿਤ ਹਾਂ । ਉਹ ਪਿਛਲੇ ਸਾਲ ਜੁਲਾਈ ਵਿੱਚ 'ਸੈਮੀਕਾਨ ਇੰਡੀਆ ਕਨਕਲੇਵ' ਵਿਚ ਹਿੱਸਾ ਲੈਣ ਲਈ ਭਾਰਤ ਆਏ ਸਨ।। ਉਸ ਸਮੇਂ ਉਨ੍ਹਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕੀਤੀ ਸੀ।

Foxconn ਦਾ ਭਾਰਤ ਵਿੱਚ ਕੁੱਲ ਨਿਵੇਸ਼ ਲਗਭਗ 9 ਤੋਂ 10 ਬਿਲੀਅਨ ਅਮਰੀਕੀ ਡਾਲਰ ਹੋਣ ਦਾ ਅਨੁਮਾਨ ਹੈ। ਕੰਪਨੀ ਆਪਣੀ ਆਈਫੋਨ ਉਤਪਾਦਨ ਸਹੂਲਤ ਨੂੰ ਵਧਾਉਣ ਦੀ ਪ੍ਰਕਿਰਿਆ 'ਚ ਹੈ। ਐਚਸੀਐਲ ਸਮੂਹ ਦੇ ਨਾਲ ਸਾਂਝੇ ਉੱਦਮ ਵਿੱਚ ਇੱਕ ਚਿੱਪ ਪਲਾਂਟ ਵੀ ਸਥਾਪਤ ਕਰ ਰਿਹਾ ਹੈ।

## ਅੰਮ੍ਰਿਤਪਾਲ ਸਿੰਘ ਦੇ ਸਹੁੰ ਚੁੱਕਣ ਤੋਂ ਪਹਿਲਾਂ ਸੰਸਦ ਭਵਨ ਜਾਂਦੇ ਸਮੇਂ ਸਰਬਜੀਤ ਖਾਲਸਾ ਦਾ ਬਿਆਨ ਆਇਆ ਸਾਹਮਣੇ



ਖਡੂਰ ਸਾਹਿਬ ਤੋਂ ਲੋਕ ਸਭਾ ਚੋਣ ਜਿੱਤਣ ਵਾਲੇ ਵਾਰਿਸ ਪੰਜਾਬ ਦੇ ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਅੱਜ ਸੰਸਦ 'ਚ ਸਹੁੰ ਚੁੱਕਣਗੇ। ਸਹੁੰ ਚੁੱਕਣ ਲਈ ਉਹਨਾਂ ਨੂੰ ਤੜਕੇ ਜੇਲ੍ਹ ਤੋਂ ਬਾਹਰ ਕੱਢਿਆ ਗਿਆ, ਜੋ ਹੁਣ ਦਿੱਲੀ ਆ ਰਹੇ ਹਨ। ਇਸ ਮੌਕੇ ਸੁਰੱਖਿਆ ਦੇ ਸਖ਼ਤ ਪ੍ਰਬੰਧ ਕੀਤੇ ਗਏ ਹਨ। ਇਸ ਮਾਮਲੇ ਦੇ ਸਬੰਧ ਵਿਚ ਸੰਸਦ ਭਵਨ ਜਾਂਦੇ ਸਮੇਂ MP ਸਰਬਜੀਤ ਖਾਲਸਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਅੱਜ ਅੰਮ੍ਰਿਤਪਾਲ ਸਿੰਘ ਸਹੁੰ ਚੁੱਕਣ ਲਈ ਦਿੱਲੀ ਆ ਰਹੇ ਹਨ। ਉਹ 12 ਵਜੇ ਦੇ ਕਰੀਬ ਸਹੁੰ ਚੁੱਕਣਗੇ। ਪੱਤਰਕਾਰਾਂ ਨੇ ਜਦੋਂ ਉਹਨਾਂ ਨੂੰ ਪੈਰੋਲ ਦੇ ਬਾਰੇ ਸਵਾਲ ਕੀਤਾ ਤਾਂ ਉਹਨਾਂ ਨੇ ਕਿਹਾ ਕਿ ਸਾਨੂੰ ਇਸ ਬਾਰੇ ਕਿਸੇ ਤਰ੍ਹਾਂ ਦੀ ਕੋਈ ਜਾਣਕਾਰੀ ਨਹੀਂ ਹੈ। ਉਹਨਾਂ ਦੇ ਨਾਲ ਕੌਣ-ਕੌਣ ਮੁਲਾਕਾਤ ਕਰੇਗਾ, ਇਸ ਬਾਰੇ ਵੀ ਕੋਈ ਜਾਣਕਾਰੀ ਨਹੀਂ ਹੈ। ਪਰ ਲੱਗ ਰਿਹਾ ਹੈ ਕਿ ਉਸ ਦੀ ਮੁਲਾਕਾਤ ਉਸ ਦੇ ਪਰਿਵਾਰ ਨਾਲ ਹੋ ਸਕਦੀ ਹੈ। ਉਹ ਬਾਹਰ ਆ ਰਹੇ ਹਨ, ਇਸ ਦੀ ਸਾਨੂੰ ਬਹੁਤ ਖ਼ੁਸ਼ੀ ਹੈ। ਸਰਬਜੀਤ ਖਾਲਸਾ ਨੇ ਕਿਹਾ ਕਿ ਅੰਮ੍ਰਿਤਪਾਲ ਸਿੰਘ ਨਾਲ ਉਹਨਾਂ ਦੀ ਕੋਈ ਗੱਲਬਾਤ ਨਹੀਂ ਹੋਈ। ਸਾਡਾ ਟੀਚਾ ਇਹ ਹੈ ਕਿ ਅੰਮ੍ਰਿਤਪਾਲ ਸਿੰਘ ਨੂੰ ਸੰਸਦ ਮੈਂਬਰ ਦੇ ਵਜੋਂ ਸਹੁੰ ਚੁਕਾਈ ਜਾਵੇ ਅਤੇ ਉਹਨਾਂ ਨੂੰ ਮੈਂਬਰਸ਼ਿਪ ਦਿੱਤੀ ਜਾਵੇ। ਅੰਮ੍ਰਿਤਪਾਲ ਸਿੰਘ ਨੂੰ ਲੈ ਕੇ ਸਰਬਜੀਤ ਸਿੰਘ ਖਾਲਸਾ ਨੇ ਕਿਹਾ ਕਿ ਅਸੀਂ ਕਈ ਵਾਰ ਅੰਮ੍ਰਿਤਪਾਲ ਸਿੰਘ ਨੂੰ ਸਹੁੰ ਚੁਕਾਉਣ ਦੀ ਗੱਲ ਕੀਤੀ, ਜੋ ਅੱਜ ਪੂਰੀ ਹੋ ਰਹੀ ਹੈ।

## 'ਤਾਰੀਖ਼ ਪਰ ਤਾਰੀਖ਼' ਤੋਂ ਮੁਕਤੀ ਦਿਵਾਉਣ ਦੀ ਕੋਸ਼ਿਸ਼ ਹੈ ਲਾਗੂ ਹੋਇਆ ਭਾਰਤੀ ਨਿਆਂ ਜ਼ਾਬਤਾ



1 ਜੁਲਾਈ ਤੋਂ ਦੇਸ਼ 'ਚ ਨਵੇਂ ਕਾਨੂੰਨ ਲਾਗੂ ਹੋ ਗਏ ਹਨ। ਭਾਰਤੀ ਦੰਡ ਜ਼ਾਬਤਾ ਦੀ ਥਾਂ ਭਾਰਤੀ ਨਿਆਂ ਜ਼ਾਬਤਾ ਲਾਗੂ ਕਰਨ ਦੇ ਪਿੱਛੇ ਮਕਸਦ ਆਮ ਲੋਕਾਂ ਨੂੰ ਅਦਾਲਤਾਂ 'ਚ ਤਾਰੀਖ ਪਰ ਤਾਰੀਖ਼ ਤੋਂ ਮੁਕਤੀ ਦਿਵਾਉਣ ਸਮੇਤ ਸਮਾਂਬੱਧ ਨਿਆਂ ਦਿਵਾਉਣਾ ਹੈ। ਹਾਲਾਂਕਿ ਇਸ ਤੋਂ ਪਹਿਲਾਂ ਚੱਲ ਰਹੇ ਮੁਕੱਦਮੇ ਪੁਰਾਣੀਆਂ ਧਾਰਾਵਾਂ ਦੇ ਤਹਿਤ ਹੀ ਚੱਲਣਗੇ ਅਤੇ ਨਵੇਂ ਕਾਨੂੰਨਾਂ ਨੂੰ ਲਾਗੂ ਕਰਨ 'ਚ ਅਨੇਕ ਰੁਕਾਵਟਾਂ ਦਾ ਸਾਹਮਣਾ ਵੀ ਕਰਨਾ ਪਵੇਗਾ, ਜਿਨ੍ਹਾਂ ਲਈ ਅਦਾਲਤਾਂ ਵੱਲੋਂ ਸਮੇਂ-ਸਮੇ 'ਤੇ ਵਿਚਾਰ-ਵਟਾਂਦਰਾ ਕੀਤੇ ਜਾਣ ਦੀ ਲੋੜ ਹੈ। ਦੇਸ਼ ਦੀਆਂ ਹੇਠਲੀਆਂ ਅਦਾਲਤਾਂ ਤੋਂ ਲੈ ਕੇ ਸੁਪਰੀਮ ਕੋਰਟ ਤੱਕ ਕਰੋੜਾਂ ਕੇਸ ਪੈਂਡਿਗ ਹਨ।

ਕਈ ਕੇਸ ਤਾਂ ਅਜਿਹੇ ਹਨ ਕਿ ਕੇਸ ਲੜਨ ਵਾਲੇ ਵਿਅਕਤੀਆਂ ਦੀ ਨਿਆਂ ਦੀ ਆਸ 'ਚ ਉਮਰ ਲੰਘ ਗਈ ਹੈ ਪਰ ਫ਼ੈਸਲੇ ਨਹੀਂ ਹੋ ਰਹੇ ਹਨ। ਨਵੇਂ ਕਾਨੂੰਨਾਂ ਨੂੰ ਲਾਗੂ ਕਰਨ, ਲੋਕਾਂ ਨੂੰ ਸਮਾਂਬੱਧ ਨਿਆਂ ਦਿਵਾਉਣ ਅਤੇ ਇਨ੍ਹਾਂ ਕਾਨੂੰਨਾਂ ਨੂੰ ਲਾਗੂ ਕਰਨ ਦੌਰਾਨ ਭਵਿੱਖ 'ਚ ਆਉਣ ਵਾਲੀਆਂ ਚੁਣੌਤੀਆਂ ਨਾਲ ਨਜਿੱਠਣ ਲਈ ਸਰਕਾਰਾਂ ਅਤੇ ਜ਼ਿੰਮੇਵਾਰ ਅਧਿਕਾਰੀਆਂ ਦੀ ਜ਼ਿੰਮੇਵਾਰੀ ਤੈਅ ਕਰਨ ਸਮੇਤ ਇਲੈਕਟ੍ਰਾਨਿਕਸ ਉਪਕਰਣਾਂ ਦੀ ਮਦਦ ਦੀ ਵਿਵਸਥਾ ਕੀਤੀ ਗਈ ਹੈ।

ਇਤਿਹਾਸਕ ਬਦਲਾਅ, 163 ਸਾਲ ਪੁਰਾਣੇ ਕਾਨੂੰਨ ਬਦਲੇ

163 ਸਾਲ ਪੁਰਾਣੇ ਭਾਰਤੀ ਦੰਡ ਜ਼ਾਬਤਾ (ਆਈ. ਪੀ. ਸੀ.) ਦੀ ਥਾਂ ਬੀ. ਐੱਨ. ਐੱਸ. (ਭਾਰਤੀ ਨਿਆਂ ਜ਼ਾਬਤਾ) ਨੇ ਲੈ ਲਈ ਹੈ। 511 ਦੀ ਥਾਂ ਹੁਣ 358 ਸੈਕਸ਼ਨ ਹੋ ਗਏ ਹਨ। 41 ਅਪਰਾਧਾਂ 'ਚ ਸਜ਼ਾ ਦੀ ਮਿਆਦ ਵਧ ਗਈ ਹੈ ਅਤੇ 82 'ਚ ਜੁਰਮਾਨਾ ਰਾਸ਼ੀ ਵਧੀ ਹੈ। 25 ਅਪਰਾਧਾਂ 'ਚ ਜ਼ਰੂਰੀ ਘੱਟ ਤੋਂ ਘੱਟ ਸਜ਼ਾ ਸ਼ੁਰੂ ਕੀਤੀ ਗਈ ਹੈ। 6 ਅਪਰਾਧਾਂ 'ਚ ਸਜ਼ਾ ਦੇ ਰੂਪ 'ਚ ਭਾਈਚਾਰਕ ਸੇਵਾ ਦੀ ਵਿਵਸਥਾ ਕੀਤੀ ਗਈ ਹੈ। ਇਸ ਨਾਲ ਹੀ 19 ਧਾਰਾਵਾਂ ਰੱਦ ਕਰ ਦਿੱਤੀਆਂ ਗਈਆਂ ਹਨ। ਇਸੇ ਤਰ੍ਹਾਂ ਬੀ. ਐੱਨ. ਐੱਸ. ਐੱਸ. ਦੰਡ ਪ੍ਰਕਿਰਿਆ ਨੇ (ਸੀ. ਆਰ. ਪੀ. ਸੀ.) 1973 ਦੀ ਥਾਂ ਲਈ ਹੈ। ਇਸ ਵਿਚ ਮੈਜਿਸਟ੍ਰੇਟ ਵੱਲੋਂ ਜੁਰਮਾਨਾ ਲਗਾਉਣ ਦੀ ਸ਼ਕਤੀ ਵਧੀ ਹੈ।

ਜੁਰਮ ਦੀ ਕਮਾਈ ਨੂੰ ਜ਼ਬਤ ਅਤੇ ਕੁਰਕੀ ਕਰਨ ਦੀ ਪ੍ਰਕਿਰਿਆ ਸ਼ਾਮਲ ਕੀਤੀ ਗਈ ਹੈ। 3 ਤੋਂ 7 ਸਾਲ ਤੋਂ ਘੱਟ ਸਜ਼ਾ ਵਾਲੇ ਅਪਰਾਧਾਂ 'ਚ ਸ਼ੁਰੂਆਤੀ ਜਾਂਚ ਹੋਵੇਗੀ। ਗੰਭੀਰ ਅਪਰਾਧ ਦੀ ਜਾਂਚ ਡੀ. ਐੱਸ. ਪੀ. ਪੱਧਰ ਦੇ ਅਧਿਕਾਰੀ ਕਰਨਗੇ। ਇਸੇ ਤਰ੍ਹਾਂ ਭਾਰਤੀ ਸਬੂਤ ਐਕਟ 1872 ਦੀ ਥਾਂ ਇਸ ਨੂੰ ਲਿਆਂਦਾ ਗਿਆ ਹੈ। ਇਸ ਵਿਚ 2 ਨਵੀਆਂ ਧਾਰਾਵਾਂ ਅਤੇ 6 ਉਪ-ਧਾਰਾਵਾਂ ਜੋੜੀਆਂ ਗਈਆਂ ਹਨ। ਪਹਿਲਾਂ 167 ਸੈਕਸ਼ਨ ਸਨ ਅਤੇ ਹੁਣ 179 ਹੋ ਗਏ ਹਨ। 24 ਧਾਰਾਵਾਂ 'ਚ ਸੋਧ ਹੋਈ ਹੈ। 6 ਰੱਦ ਹੋਈਆਂ ਹਨ। ਇਲੈਕਟ੍ਰਾਨਿਕ ਰੂਪ ਨਾਲ ਪ੍ਰਾਪਤ ਸਬੂਤ ਨੂੰ ਪਰਿਭਾਸ਼ਾ 'ਚ ਸ਼ਾਮਲ ਕੀਤਾ ਹੈ। ਸਬੂਤ ਦੇ ਰੂਪ 'ਚ ਇਲੈਕਟ੍ਰਾਨਿਕ ਅਤੇ ਡਿਜੀਟਲ ਰਿਕਾਰਡ ਨੂੰ ਕਾਨੂੰਨੀ ਮਾਨਤਾ ਹੋਵੇਗੀ।

## ਸ਼ਬਦਾਂ ਦੇ ਅਰਥ ਸਮਝਣ ਵਾਲੇ ਨਿਊਰਾਨਸ ਦੀ ਹੋਈ ਪਛਾਣ



ਵਿਗਿਆਨੀਆਂ ਨੇ ਦਿਮਾਗ ਦਾ ਹੁਣ ਤਕ ਦਾ ਸਭ ਤੋਂ ਵੱਧ ਰੈਜ਼ੋਲਿਊਸ਼ਨ ਮੈਪ ਤਿਆਰ ਕੀਤਾ ਹੈ। ਇਸ ਦੀ ਮਦਦ ਨਾਲ ਦਿਮਾਗ ਦੇ ਉਨ੍ਹਾਂ ਨਿਊਰਾਨਸ ਦੀ ਪਛਾਣ ਕੀਤੀ ਗਈ ਹੈ, ਜੋ ਸ਼ਬਦਾਂ ਦੇ ਅਰਥਾਂ ਨੂੰ ਰਿਕਾਰਡ ਕਰਦੇ ਹਨ।

ਵਿਗਿਆਨੀਆਂ ਨੇ ਇਹ ਵੀ ਵੇਖਿਆ ਕਿ ਸਾਰੇ ਵੱਖ-ਵੱਖ ਦਿਮਾਗ ਸ਼ਬਦਾਂ ਦਾ ਵਰਗੀਕਰਨ ਕਰਨ ਅਤੇ ਉਨ੍ਹਾਂ ਨੂੰ ਆਵਾਜ਼ ਅਤੇ ਅਰਥ ਦੇਣ ਲਈ ਇਕੋ ਮਿਆਰੀ ਸ਼੍ਰੇਣੀਆਂ ਦੀ ਵਰਤੋਂ ਕਰਦੇ ਹਨ। ਹਾਲਾਂਕਿ ਵਿਗਿਆਨੀਆਂ ਵਲੋਂ ਇਹ ਅਧਿਐਨ ਅਜੇ ਸਿਰਫ ਅੰਗਰੇਜ਼ੀ ਭਾਸ਼ਾ ਦੇ ਸ਼ਬਦਾਂ 'ਤੇ ਹੀ ਕੀਤਾ ਗਿਆ ਹੈ।

ਹਰ ਸ਼ਬਦ 'ਤੇ ਚਮਕਦੇ ਦੇ ਹਨ ਦੋ ਤੋਂ ਤਿੰਨ ਨਿਊਰਾਨ

ਖੋਜਕਾਰਾਂ ਨੇ ਦਿਮਾਗੀ ਗਤੀਵਿਧੀ ਨੂੰ ਮਾਪਣ ਲਈ ਜਿਹੜੇ ਇਲੈਕਟ੍ਰਾਡ ਦੀ ਵਰਤੋਂ ਕੀਤੀ, ਉਹ ਖੋਜ ਵਿਚ ਸ਼ਾਮਲ ਹਰੇਕ ਵਿਅਕਤੀ ਦੇ ਲਗਭਗ 300 ਨਿਊਰਾਨਸ ਦੀ ਗਤੀਵਿਧੀ ਨੂੰ ਰਿਕਾਰਡ ਕਰਨ ਦੇ ਯੋਗ ਸਨ। ਹਰੇਕ ਭਾਗੀਦਾਰ ਨੂੰ ਕੁੱਲ 450 ਸ਼ਬਦਾਂ ਦੇ ਵਾਕ ਸੁਣਾਏ ਗਏ। ਵਿਗਿਆਨੀ ਰਿਕਾਰਡ ਕਰ ਰਹੇ ਸਨ ਕਿ ਸ਼ਬਦ ਸੁਣਨ ਦੌਰਾਨ ਕਿਹੜੇ ਨਿਊਰਾਨਸ ਕਦੋਂ ਫਾਇਰ ਹੁੰਦੇ ਹਨ। ਵਿਲੀਅਮ ਨੇ ਦੱਸਿਅ◌ਾ ਕਿ ਹਰੇਕ ਸ਼ਬਦ ਲਈ ਦੋ ਜਾਂ ਤਿੰਨ ਵਿਸ਼ੇਸ਼ ਨਿਊਰਾਨਸ ਚਮਕਦੇ ਸਨ। ਹਾਲਾਂਕਿ ਪ੍ਰੀਫਰੰਟਲ ਕੋਰਟੈਕਸ ਵਿਚ ਅਰਬਾਂ ਨਿਊਰਾਨਸ ਹੁੰਦੇ ਹਨ ਪਰ ਅਸੀਂ ਸਿਰਫ ਕੁਝ ਹੀ ਰਿਕਾਰਡ ਕਰਨ ਦਾ ਪ੍ਰਬੰਧ ਕੀਤਾ ਸੀ। ਮਾਹਿਰਾਂ ਨੇ ਵੇਖਿਆ ਕਿ ਸਾਰੇ ਭਾਗੀਦਾਰਾਂ ਵਿਚ ਸ਼ਬਦਾਂ ਪ੍ਰਤੀ ਨਿਊਰਾਨਸ ਦੀ ਪ੍ਰਤੀਕਿਰਿਆ ਇਕੋ ਜਿਹੀ ਸੀ।

ਦਿਮਾਗ ਦੀ ਹੈ ਭਾਸ਼ਾ ਲਾਇਬ੍ਰੇਰੀ

ਮੈਸੇਚਿਉਸੈਟਸ ਇੰਸਟੀਚਿਊਟ ਆਫ ਟੈਕਨਾਲੋਜੀ ਕੈਂਬ੍ਰਿਜ ਦੇ ਨਿਊਰੋਸਰਜਨ ਜਿਵ ਵਿਲੀਅਮਜ਼ ਦਾ ਕਹਿਣਾ ਹੈ ਕਿ ਦਿਮਾਗ ਦੀ ਆਪਣੀ ਭਾਸ਼ਾ ਲਾਇਬ੍ਰੇਰੀ ਹੈ ਅਤੇ ਨਵੇਂ ਬ੍ਰੇਨ ਮੈਪ ਨੇ ਸਾਨੂੰ ਇਹ ਸਮਝਣ ਵਿਚ ਮਦਦ ਕੀਤੀ ਹੈ ਕਿ ਉਹ ਸ਼ਬਦਾਂ ਨੂੰ ਕਿਵੇਂ ਸਟੋਰ ਕਰਦਾ ਹੈ। ਵੱਖ-ਵੱਖ ਸ਼ਬਦਾਂ 'ਤੇ ਪ੍ਰਤੀਕਿਰਿਆ ਦੌਰਾਨ ਦਿਮਾਗ ਦੇ ਸੈੱਲਾਂ ਦੇ ਇਕ-ਦੂਜੇ 'ਤੇ ਸੈੱਟ ਬਣਦੇ ਜਾਂਦੇ ਹਨ।

ਦਿਮਾਗ 'ਚ ਇੰਝ ਹੁੰਦੀ ਹੈ ਸ਼ਬਦਾਂ ਦੀ ਮੈਪਿੰਗ

ਕੰਨ ਵਿਚ ਦਾਖਲ ਹੋਣ ਵਾਲੀ ਆਵਾਜ਼ ਨੂੰ ਦਿਮਾਗ ਦਾ ਉਹ ਹਿੱਸਾ, ਜਿਸਨੂੰ ਆਡਿਟਰੀ ਕੋਰਟੈਕਸ ਕਿਹਾ ਜਾਂਦਾ ਹੈ, ਪ੍ਰੋਸੈੱਸ ਕਰਦਾ ਹੈ ਪਰ ਇਨ੍ਹਾਂ ਹਿੱਸਿਆਂ ਨੂੰ ਅਰਥ ਅਤੇ ਭਾਵ ਦੇ ਰੂਪ ਵਿਚ ਪ੍ਰੀਫਰੰਟਲ ਕੋਰਟੈਕਸ ਵਿਚ ਦਰਜ ਕੀਤਾ ਜਾਂਦਾ ਹੈ, ਜਿੱਥੇ ਉੱਚ ਦਰਜੇ ਦੀਆਂ ਦਿਮਾਗੀ ਗਤੀਵਿਧੀਆਂ ਹੁੰਦੀਆਂ ਹਨ।

# ਚੋਣ ਪ੍ਰਚਾਰ ਦੌਰਾਨ ਬੋਲੇ CM ਮਾਨ, ਜਲੰਧਰੀਆਂ ਨੂੰ ਜਲਦ ਹੀ ਮਿਲਣ ਜਾ ਰਿਹੈ ਇਕ ਇਮਾਨਦਾਰ ਵਿਧਾਇਕ




ਮੁੱਖ ਮੰਤਰੀ ਭਗਵੰਤ ਮਾਨ ਨੇ ਵੀਰਵਾਰ ਨੂੰ ਜਲੰਧਰ ਪੱਛਮੀ ਦੇ ਵਾਰਡ ਨੰਬਰ 40 ਅਤੇ ਵਾਰਡ ਨੰਬਰ 45 ਵਿਚ 'ਆਪ'ਉਮੀਦਵਾਰ ਮੋਹਿੰਦਰ ਭਗਤ ਲਈ ਚੋਣ ਪ੍ਰਚਾਰ ਕੀਤਾ। ਲੋਕਾਂ ਨੂੰ ਸੰਬੋਧਨ ਕਰਦਿਆਂ ਮਾਨ ਨੇ ਕਿਹਾ ਕਿ ਜਲੰਧਰ ਦੇ ਲੋਕ ਆਮ ਆਦਮੀ ਪਾਰਟੀ ਦੇ ਨਾਲ ਡੱਟ ਕੇ ਖੜ੍ਹੇ ਹਨ। 'ਆਪ'ਨੂੰ ਹਰ ਵਰਗ ਦੇ ਲੋਕਾਂ ਦਾ ਸਮਰਥਨ ਮਿਲ ਰਿਹਾ ਹੈ। ਭਗਵੰਤ ਮਾਨ ਨੇ ਕਿਹਾ ਕਿ ਇਨ੍ਹਾਂ ਚੋਣਾਂ ਦੇ ਨਤੀਜੇ ਸਰਕਾਰ ਵਿਚ ਕੋਈ ਤਬਦੀਲੀ ਨਹੀਂ ਕਰ ਸਕਦੇ। ਨਾ ਤਾਂ ਸਾਡੀ ਸਰਕਾਰ ਡਿੱਗੇਗੀ ਅਤੇ ਨਾ ਹੀ ਕਿਸੇ ਹੋਰ ਦੀ ਸਰਕਾਰ ਬਣੇਗੀ ਪਰ ਆਮ ਆਦਮੀ ਪਾਰਟੀ ਦੇ ਉਮੀਦਵਾਰ ਦੀ ਜਿੱਤ ਤੁਹਾਡਾ ਸਰਕਾਰ ਵਿਚ ਹਿੱਸਾ ਪਾਵੇਗੀ, ਜਿਸ ਸਦਕਾ ਇਸ ਇਲਾਕੇ ਦਾ ਵਿਕਾਸ ਹੋਰ ਤੇਜ਼ ਰਫ਼ਤਾਰ ਨਾਲ ਹੋਵੇਗਾ।ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਉਹ ਦੋਆਬੇ ਵਿਚ ਦਫ਼ਤਰ ਸਥਾਪਤ ਕਰਨ ਲਈ ਕਾਫ਼ੀ ਸਮੇਂ ਤੋਂ ਯੋਜਨਾ ਬਣਾ ਰਹੇ ਸਨ ਤਾਂ ਜੋ ਉਹ ਦੋਆਬੇ ਅਤੇ ਮਾਝਾ ਖ਼ੇਤਰ ਦੇ ਲੋਕਾਂ ਨੂੰ ਮਿਲ ਸਕਣ ਅਤੇ ਉਨ੍ਹਾਂ ਦੇ ਕੰਮ ਹੋ ਸਕਣ। ਇਸ ਜ਼ਿਮਨੀ ਚੋਣ ਦੌਰਾਨ ਇਕ ਚੰਗੀ ਗੱਲ ਸਾਹਮਣੇ ਆਈ ਹੈ ਕਿ ਉਹ ਆਖ਼ਰਕਾਰ ਉਸ ਯੋਜਨਾ ਨੂੰ ਅਮਲੀ ਜਾਮਾ ਪਹਿਨਾਉਣ ਵਿਚ ਕਾਮਯਾਬ ਹੋ ਗਏ ਅਤੇ ਇਥੇ ਆਪਣਾ ਦਫ਼ਤਰ ਸਥਾਪਤ ਕਰ ਲਿਆ। ਉਹ ਰੋਜ਼ਾਨਾ ਸਵੇਰੇ 500 ਲੋਕਾਂ ਨੂੰ ਜਲੰਧਰ ਸਥਿਤ ਆਪਣੀ ਰਿਹਾਇਸ਼ 'ਤੇ ਮਿਲਦੇ ਹਨ। ਹੁਣ ਲੋਕਾਂ ਨੂੰ ਆਪਣੇ ਕੰਮ ਕਰਵਾਉਣ ਲਈ ਚੰਡੀਗੜ੍ਹ ਨਹੀਂ ਜਾਣਾ ਪਵੇਗਾ, ਹੁਣ ਸਰਕਾਰ ਤੁਹਾਡੇ ਦਰਵਾਜ਼ੇ ''ਤੇ ਹੈ। ਇਸ ਨਾਲ ਤੁਹਾਡਾ ਸਮਾਂ ਵੀ ਬਚਦਾ ਹੈ। ਉਹ ਚੋਣਾਂ ਤੋਂ ਬਾਅਦ ਵੀ ਇਸ ਰਿਹਾਇਸ਼ 'ਚ ਹਫ਼ਤੇ ਵਿਚ 3-4 ਦਿਨ ਰਹਿਣਗੇ ਤਾਂ ਜੋ ਦੋਆਬਾ ਅਤੇ ਮਾਝਾ ਖੇਤਰ ਦੇ ਲੋਕਾਂ ਨੂੰ ਮਿਲ ਸਕਣ। ਭਗਵੰਤ ਮਾਨ ਨੇ ਕਿਹਾ ਕਿ ਭਾਜਪਾ ਦੀ ਨਫ਼ਰਤ ਅਤੇ ਧਰੁਵੀਕਰਨ ਦੀ ਰਾਜਨੀਤੀ ਪੰਜਾਬ ਵਿਚ ਕਦੇ ਵੀ ਨਹੀਂ ਚੱਲ ਸਕਦੀ। ਪੰਜਾਬ ਦੀ ਧਰਤੀ ਬਹੁਤ ਉਪਜਾਊ ਹੈ। ਇੱਥੇ ਨਫ਼ਰਤ ਦੇ ਬੀਜ ਨੂੰ ਕਦੇ ਵੀ ਉੱਗਣ ਨਹੀਂ ਦੇਵਾਂਗੇ।

ਭਗਵੰਤ ਮਾਨ ਨੇ ਕਿਹਾ ਕਿ ਰਾਜਨੀਤੀ ਮਾੜੀ ਨਹੀਂ ਹੁੰਦੀ, ਇਸ ਵਿੱਚ ਮਾੜੇ ਲੋਕਾਂ ਦੀ ਗਿਣਤੀ ਹੀ ਸਮੱਸਿਆ ਹੈ। ਤੁਹਾਡੀ ਜ਼ਿੰਦਗੀ ਵਿਚ ਹਰ ਚੀਜ਼ ਦਾ ਫ਼ੈਸਲਾ ਰਾਜਨੀਤੀ ਨਾਲ ਹੁੰਦਾ ਹੈ, ਭਾਵੇਂ ਤੁਸੀਂ ਰਾਤ ਦੇ ਖਾਣੇ ਵਿਚ ਕੀ ਖਾਂਦੇ ਹੋ, ਇਸ ਲਈ ਇਸ ਤੋਂ ਦੂਰ ਨਾ ਭੱਜੋ। ਰਾਜਨੀਤੀ ਵਿਚ ਸਰਗਰਮੀ ਨਾਲ ਹਿੱਸਾ ਲਓ, ਬਦਲਾਅ ਲਿਆਓ। ਮੈਨੂੰ ਇਹ ਦੱਸਦਿਆਂ ਖ਼ੁਸ਼ੀ ਹੋ ਰਹੀ ਹੈ ਕਿ ਹਰ ਰੋਜ਼ ਨੌਜਵਾਨ ਉਨ੍ਹਾਂ ਕੋਲ ਆਉਂਦੇ ਹਨ ਅਤੇ 'ਆਪ' ਵਿਚ ਸ਼ਾਮਲ ਹੋ ਰਹੇ ਹਨ। ਭਗਵੰਤ ਮਾਨ ਨੇ ਕਿਹਾ ਕਿ ਪੂਰਾ ਪੰਜਾਬ ਮੇਰਾ ਪਰਿਵਾਰ ਹੈ। ਇਸ ਲਈ ਕੰਮ ਕਰਦੇ ਹੋਏ ਵੀ ਮੈਂ ਹਮੇਸ਼ਾ ਆਪਣੇ ਪਰਿਵਾਰ ਦੇ ਨਾਲ ਹਾਂ ਅਤੇ ਉਨ੍ਹਾਂ ਨਾਲ ਸਮਾਂ ਬਿਤਾਉਂਦਾ ਹਾਂ। ਉਨ੍ਹਾਂ 43 ਹਜ਼ਾਰ ਸਰਕਾਰੀ ਨੌਕਰੀਆਂ ਬਿਨਾਂ ਕਿਸੇ ਰਿਸ਼ਵਤ ਜਾਂ ਸਿਫ਼ਾਰਸ਼ ਤੋਂ ਦਿੱਤੀਆਂ ਹਨ। ਇਹ ਪਹਿਲੀ ਵਾਰ ਹੈ ਕਿ ਪੰਜਾਬ ਦੇ ਨੌਜਵਾਨਾਂ ਨੂੰ ਯੋਗਤਾ ਦੇ ਆਧਾਰ 'ਤੇ ਨੌਕਰੀਆਂ ਮਿਲ ਰਹੀਆਂ ਹਨ। ਉਹ ਕਿਸੇ ਵੀ ਸਿਫ਼ਾਰਸ਼ ਨੂੰ ਸਵੀਕਾਰ ਨਹੀਂ ਕਰਦੇ ਭਾਵੇਂ ਉਹ ਉਨ੍ਹਾਂ ਦੇ ਆਪਣੇ ਵਿਧਾਇਕ ਦੀ ਹੀ ਕਿਉਂ ਨਾ ਹੋਵੇ। ਉਨ੍ਹਾਂ ਲੋਕਾਂ ਨੂੰ ਇਸ ਵਾਰ ਇਮਾਨਦਾਰ ਉਮੀਦਵਾਰ ਮੋਹਿੰਦਰ ਭਗਤ ਨੂੰ ਵੋਟ ਪਾਉਣ ਦੀ ਅਪੀਲ ਕੀਤੀ।ਭਗਵੰਤ ਮਾਨ ਨੇ ਕਿਹਾ ਕਿ ਸਿਰਫ਼ ਆਮ ਆਦਮੀ ਪਾਰਟੀ (ਆਪ) ਹੀ ਨੌਜਵਾਨਾਂ ਅਤੇ ਆਮ ਲੋਕਾਂ ਨੂੰ ਪਲੇਟਫ਼ਾਰਮ ਅਤੇ ਮੌਕਾ ਦਿੰਦੀ ਹੈ। ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਵਰਗੀਆਂ ਰਵਾਇਤੀ ਪਾਰਟੀਆਂ ਵਿਚ ਆਮ ਲੋਕਾਂ ਲਈ ਕੋਈ ਥਾਂ ਨਹੀਂ ਹੈ। ਬਾਦਲ ਅਤੇ ਕੈਪਟਨ ਨੇ 25 ਸਾਲ ਪੰਜਾਬ ''ਤੇ ਰਾਜ ਕੀਤਾ, ਪਰ ਇਨ੍ਹਾਂ ਨੇ ਪੰਜਾਬ ਲਈ ਕੁਝ ਨਹੀਂ ਕੀਤਾ ਇਸੇ ਕਰਕੇ ਉਨ੍ਹਾਂ (ਮਾਨ) ਵਰਗੇ ਲੋਕਾਂ ਨੂੰ ਸਿਆਸਤ ਵਿਚ ਆਉਣਾ ਪਿਆ। ਉਨ੍ਹਾਂ ਕਿਹਾ ਕਿ ਇਹ ਚੰਗੀ ਗੱਲ ਹੈ ਕਿ ਜਲੰਧਰ ਦੇ ਲੋਕਾਂ ਨੂੰ ਜਲਦ ਇਕ ਇਮਾਨਦਾਰ ਵਿਧਾਇਕ ਮਿਲ ਰਿਹਾ ਹੈ।

ਮਾਨ ਸਰਕਾਰ ਵਿਚ ਕੰਮ ਤਾਂ ਹੋ ਰਿਹਾ ਹੈ, ਪਰ ਗ਼ੈਰ-ਕਾਨੂੰਨੀ ਜਾਂ ਭ੍ਰਿਸ਼ਟ ਕੰਮ ਨਹੀਂ : ਮੋਹਿੰਦਰ ਭਗਤ


ਲੋਕਾਂ ਨੂੰ ਸੰਬੋਧਨ ਕਰਦਿਆਂ 'ਆਪ' ਉਮੀਦਵਾਰ ਮੋਹਿੰਦਰ ਭਗਤ ਨੇ ਇਸ ਜਨ ਸਭਾ 'ਚ ਇੰਨੀ ਵੱਡੀ ਗਿਣਤੀ 'ਚ ਪਹੁੰਚਣ 'ਤੇ ਲੋਕਾਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਕੁਝ ਲੋਕ ਇਹ ਕਹਿ ਰਹੇ ਹਨ ਕਿ ਮਾਨ ਸਰਕਾਰ ਵਿੱਚ ਕੰਮ ਨਹੀਂ ਹੋ ਰਹੇ ਪਰ ਇਹ ਕੋਰਾ ਝੂਠ ਹੈ। ਸੱਚ ਤਾਂ ਇਹ ਹੈ ਕਿ ਮਾਨ ਸਰਕਾਰ ਵਿੱਚ ਕੰਮ ਤਾਂ ਹੋ ਰਹੇ ਹਨ ਪਰ ਕੋਈ ਵੀ ਗ਼ੈਰ-ਕਾਨੂੰਨੀ ਜਾਂ ਭ੍ਰਿਸ਼ਟ ਕੰਮ ਨਹੀਂ ਹੋ ਰਿਹਾ ਹੈ। ਮਾਨ ਸਰਕਾਰ ਪੰਜਾਬ ਵਿੱਚ ਬੇਮਿਸਾਲ ਕੰਮ ਕਰ ਰਹੀ ਹੈ।

# GNDU ਦੀ ਸਾਬਕਾ ਮਹਿਲਾ ਸੁਰੱਖਿਆ ਗਾਰਡ ਵੱਲੋਂ ਲਾਏ ਦੋਸ਼ਾਂ ਦੇ ਵਿਰੋਧ 'ਚ ਆਈਆਂ ਐਸੋਸੀਏਸ਼ਨਾਂ



ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਸਾਬਕਾ ਮਹਿਲਾ ਸੁਰੱਖਿਆ ਗਾਰਡ ਵੱਲੋਂ ਮੁੱਖ ਸੁਰੱਖਿਆ ਅਧਿਕਾਰੀ ਸਮੇਤ ਸੁਪਰਵਾਈਜ਼ਰਾਂ 'ਤੇ ਲਗਾਏ ਗਏ ਜਿਸਮੀ ਸ਼ੋਸ਼ਣ ਦੇ ਦੋਸ਼ਾਂ ਦਾ ਸਖ਼ਤ ਨੋਟਿਸ ਲੈਂਦਿਆਂ ਜੀ. ਐੱਨ. ਡੀ. ਯੂ. ਨਾਨ-ਟੀਚਿੰਗ ਇੰਪਲਾਈਜ਼ ਐਸੋਸੀਏਸ਼ਨ, ਆਫੀਸਰਜ਼ ਐਸੋਸੀਏਸ਼ਨ ਅਤੇ ਸਾਬਕਾ ਸੈਨਿਕ ਸਰਬਸਾਂਝੀ ਕਮੇਟੀ ਨੇ ਜੀ. ਐੱਨ. ਡੀ. ਯੂ. ਦੇ ਸੁਰੱਖਿਆ ਅਧਿਕਾਰੀਆਂ ਦੇ ਹੱਕ ਵਿਚ ਆ ਕੇ ਉਨ੍ਹਾਂ ਨੂੰ ਇਨਸਾਫ਼ ਦਿਵਾਉਣ ਦਾ ਬੀੜਾ ਚੁੱਕਿਆ ਹੈ। ਇਸ ਸਬੰਧੀ ਐਸੋਸੀਏਸ਼ਨ ਦੇ ਪ੍ਰਧਾਨ ਹਰਦੀਪ ਸਿੰਘ ਨਾਗਰਾ ਅਤੇ ਆਫੀਸਰਜ਼ ਐਸੋਸੀਏਸ਼ਨ ਦੇ ਪ੍ਰਧਾਨ ਮਨਪ੍ਰੀਤ ਸਿੰਘ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਪੱਤਰ ਲਿਖ ਕੇ ਕਿਹਾ ਹੈ ਕਿ ਉਨ੍ਹਾਂ ਦੀ ਐਸੋਸੀਏਸ਼ਨ ਅਧਿਕਾਰੀਆਂ ਅਤੇ ਕਰਮਚਾਰੀਆਂ ਦੇ ਨਾਲ ਖੜ੍ਹੀ ਹੈ ਅਤੇ ਉਨ੍ਹਾਂ ਨੂੰ ਇਨਸਾਫ ਦਿਵਾਉਣ ਲਈ ਹਰ ਤਰ੍ਹਾਂ ਦੀ ਕਾਨੂੰਨੀ ਲੜਾਈ ਲੜੇਗੀ। ਇਸ ਸਬੰਧੀ ਉਨ੍ਹਾਂ ਵੱਲੋਂ ਇੱਕ ਕਾਪੀ ਪੁਲਸ ਕਮਿਸ਼ਨਰ ਅੰਮ੍ਰਿਤਸਰ ਨੂੰ ਵੀ ਸੌਂਪੀ ਗਈ ਹੈ। ਇਸ ਸਬੰਧੀ ਪ੍ਰੈਸ ਕਾਨਫਰੰਸ ਦੌਰਾਨ ਉਨ੍ਹਾਂ ਉਕਤ ਸਾਬਕਾ ਮਹਿਲਾ ਸੁਰੱਖਿਆ ਗਾਰਡ ਵੱਲੋਂ ਲਗਾਏ ਜਾ ਰਹੇ ਦੋਸ਼ਾਂ ਨੂੰ ਪੂਰੀ ਤਰ੍ਹਾਂ ਬੇਬੁਨਿਆਦ ਦੱਸਿਆ ਕਿਹਾ ਕਿ ਸਿਆਸੀ ਦਬਾਅ ਕਾਰਨ ਉਕਤ ਔਰਤ ਵੱਲੋਂ ਜੀ. ਐੱਨ. ਡੀ. ਯੂ. ਦੇ ਅਕਸ ਨੂੰ ਢਾਹ ਲਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ, ਜਿਸ ਨੂੰ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਸਪੱਸ਼ਟ ਕੀਤਾ ਕਿ ਉਕਤ ਮਹਿਲਾ ਗਾਰਡ ਦੀ ਨਿਯੁਕਤੀ ਆਊਟਸੋਰਸਿੰਗ ਰਾਹੀਂ ਜੀ. ਐੱਨ. ਡੀ. ਯੂ. ਵਿਚ ਹੋਈ ਸੀ।

# ਅੰਮ੍ਰਿਤਪਾਲ ਸਿੰਘ ਕੱਲ੍ਹ ਚੁੱਕਣਗੇ ਸੰਸਦ ਮੈਂਬਰ ਵਜੋਂ ਸਹੁੰ, ਇਨ੍ਹਾਂ ਸ਼ਰਤਾਂ 'ਤੇ ਮਿਲੀ 4 ਦਿਨਾਂ ਦੀ ਪੈਰੋਲ



| OFFICE OF DISTRICT MAGISTRATE AMRITSAR (Peshi Branch) Email:- dc.asr@punjab.gov.in | | ਦਫਤਰ ਜ਼ਿਲ੍ਹਾ ਮੈਜਿਸਟਰੇਟ, ਅੰਮ੍ਰਿਤਸਰ (ਪੇਸ਼ੀ ਸ਼ਾਖਾ) Phone no:- 0183-2223551 (Office), 0183-2226262 (Camp Office) |
|---|---|---|

To

Superintendent,
Central Jail, Dibrugarh.

No. Reader/DM/1/1154 Dated: 03.07.2024

Subject: Temporary release of NSA detenue Sh. Amritpal Singh for taking oath as member of Lok Sabha

Reference: Request dated 11.06.2024 from NSA detenue Sh. Amritpal Singh, MP from 03-Khadoor Sahib Parlimentery Constituency through Councel Sh. Gurpreet Singh Sandhu and Sh. Harjot Singh Mann and Govt. Of Punjab, Department of Home Affairs and Justice (Home-5 Branch), Chandigarh letter No. Home-HM-50NSA/38/2024-Home-5-Part(2)/ 865158/2024 Dated. 20.06.2024.

In pursuance for having been elected as member of 18th Lok Sabha, Sh. Amritpal Singh, currently detained under the National Security Act, 1980 in Central Jail, Dibrugarh, Assam, is hereby released temporarily under Section 15 of the National Security Act, 1980 on 5th July, 2024 for a period of upto FOUR days or less for the limited purpose of enabling him to take oath as a member of the Lok Sabha at New Delhi.

Further, the temporary release of Sh. Amritpal Singh for taking oath of member of Lok Sabha is subjected to the following conditions:-

1. He shall be accompanied by such number of police personnel as is deemed appropriate by the Senior Superintendent of Police, Amritsar (Rural) from the date and time of his temporarily released from Central Jail Dibrugarh till the time he returns to the Central Jail Dibrugarh for continuation of his period of detention.
2. For the time period when Sh. Amritpal Singh is present within the precincts of the Parliament, he shall be accompanied by such number of police personnel, or other security personnel, as permitted by the Secretary General Lok Sabha.
3. He shall not enter the territorial jurisdiction of any place other than New Delhi during the period of temporary release.
4. The period of temporary release shall include the time taken for the journey from the Central Jail, Dibrugarh to New Delhi and back.
5. For the period, when Sh. Amritpal Singh is not required in the precincts of the Parliament, he shall be housed at such place in New Delhi as is deemed appropriate by



ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ 5 ਜੁਲਾਈ ਯਾਨੀ ਕਿ ਕੱਲ੍ਹ ਨੂੰ ਬਤੌਰ MP ਸਹੁੰ ਚੁੱਕਣਗੇ । ਅੰਮ੍ਰਿਤਪਾਲ ਸਿੰਘ ਨੂੰ ਸ਼ਰਤਾਂ 'ਤੇ ਚਾਰ ਦਿਨਾਂ ਦੀ ਪੈਰੋਲ ਦਿੱਤੀ ਗਈ ਹੈ । ਹਾਲਾਂਕਿ ਅੰਮ੍ਰਿਤਪਾਲ ਦੀ ਪੈਰੋਲ 'ਤੇ ਕਈ ਸ਼ਰਤਾਂ ਲਾਈਆਂ ਗਈਆਂ ਹਨ । ਗ੍ਰਹਿ ਵਿਭਾਗ ਵੱਲੋਂ ਭੇਜੀ ਅਰਜ਼ੀ ਮਗਰੋਂ ਲੋਕ ਸਭਾ ਦੇ ਸਪੀਕਰ ਓਮ ਬਿਰਲਾ ਨੇ 5 ਜੁਲਾਈ ਨੂੰ ਅੰਮ੍ਰਿਤਪਾਲ ਸਿੰਘ ਨੂੰ ਸਹੁੰ ਚੁਕਾਏ ਜਾਣ ਨੂੰ ਹਰੀ ਝੰਡੀ ਦੇ ਦਿੱਤੀ ਹੈ। ਇਸ ਸਬੰਧੀ ਅੰਮ੍ਰਿਤਸਰ ਦੇ ਜ਼ਿਲ੍ਹਾ ਮਜਿਸਟਰੇਟ ਵੱਲੋਂ ਡਿਬਰੂਗੜ੍ਹ ਜੇਲ੍ਹ ਦੇ ਸੁਪਰਡੈਂਟ ਨੂੰ ਅੰਮ੍ਰਿਤਪਾਲ ਦੇ ਅਸਥਾਈ ਰਿਲੀਜ਼ ਆਰਡਰ ਦੀ ਕਾਪੀ ਵੀ ਭੇਜ ਦਿੱਤੀ ਗਈ ਹੈ ।ਰਿਲੀਜ਼ ਆਰਡਰ ਵਿੱਚ ਲਿਖੀਆਂ ਸ਼ਰਤਾਂ ਮੁਤਾਬਕ ਅੰਮ੍ਰਿਤਪਾਲ ਸਿੰਘ ਨੂੰ ਪੈਰੋਲ ਦੌਰਾਨ ਦਿੱਲੀ ਵਿੱਚ ਹੀ ਰਹਿਣਾ ਪਵੇਗਾ। ਉਨ੍ਹਾਂ ਦਾ ਯਾਤਰੀ ਸਟਾਪਓਵਰ ਵੀ ਦਿੱਲੀ ਵਿੱਚ ਹੀ ਹੋਵੇਗਾ। ਇਸ ਸਮੇਂ ਦੌਰਾਨ ਉਹ ਰਈਆ ਸਥਿਤ ਆਪਣੇ ਘਰ ਨਹੀਂ ਜਾ ਸਕਦੇ, ਨਾ ਹੀ ਆਪਣੇ ਲੋਕ ਸਭਾ ਹਲਕੇ ਅਤੇ ਨਾ ਹੀ ਪੰਜਾਬ ਜਾ ਸਕਦੇ ਹਨ। ਪੈਰੋਲ ਦੌਰਾਨ ਵੀ ਅੰਮ੍ਰਿਤਪਾਲ ਸਿੰਘ ਨੂੰ ਸੁਰੱਖਿਆ ਘੇਰੇ ਵਿੱਚ ਰਹਿਣਾ ਪਵੇਗਾ। ਇੱਥੋਂ ਤੱਕ ਕਿ ਅੰਮ੍ਰਿਤਪਾਲ ਸਿੰਘ ਨੂੰ ਹਵਾਈ, ਸੜਕ ਜਾਂ ਰੇਲ ਰਾਹੀਂ ਦਿੱਲੀ ਲਿਆਂਦਾ ਜਾਵੇਗਾ, ਇਹ ਵੀ ਗੁਪਤ ਰੱਖਿਆ ਗਿਆ ਹੈ । ਪੁਲਿਸ ਪ੍ਰਸ਼ਾਸਨ ਤੈਅ ਕਰੇਗਾ ਕਿ ਉਨ੍ਹਾਂ ਨੂੰ ਦਿੱਲੀ ਕਿਵੇਂ ਲਿਆਂਦਾ ਜਾਵੇਗਾ।ਦੱਸ ਦੇਈਏ ਕਿ ਅੰਮ੍ਰਿਤਪਾਲ ਨੂੰ 5 ਜੁਲਾਈ ਨੂੰ ਅੰਮ੍ਰਿਤਸਰ ਦਿਹਾਤੀ ਪੁਲਸ ਵੱਲੋਂ ਡਿਬਰੂਗੜ੍ਹ ਜੇਲ੍ਹ ਤੋਂ ਦਿੱਲੀ ਲਿਜਾਇਆ ਜਾਵੇਗਾ, ਜਿੱਥੇ ਉਹ ਸੰਸਦ ਮੈਂਬਰ ਵਜੋਂ ਸਹੁੰ ਚੁੱਕਣਗੇ। ਸਹੁੰ ਚੁੱਕਣ ਤੋਂ ਬਾਅਦ ਸਿੱਧਾ ਡਿਬਰੂਗੜ੍ਹ ਜੇਲ੍ਹ ਵਾਪਸ ਲਿਜਾਇਆ ਜਾਵੇਗਾ। ਪੈਰੋਲ ਦੌਰਾਨ ਅੰਮ੍ਰਿਤਪਾਲ ਸਿੰਘ ਨੂੰ ਕਿਸੇ ਨੂੰ ਵੀ ਮਿਲਣ ਦੀ ਆਗਿਆ ਨਹੀਂ ਹੋਵੇਗੀ, ਹਾਲਾਂਕਿ ਉਹ ਸਿਰਫ ਪਰਿਵਾਰ ਨੂੰ ਮਿਲ ਸਕਣਗੇ ਪਰ ਕਿਸੇ ਤਰ੍ਹਾਂ ਦੀ ਬਿਆਨਬਾਜ਼ੀ 'ਤੇ ਰੋਕ ਰਹੇਗੀ।

# ਹੁੰਮਸ ਭਰੀ ਗਰਮੀ ਦੌਰਾਨ ਬੀਤੇ 3 ਦਿਨਾਂ ਤੋਂ ਬਿਜਲੀ ਅਤੇ ਪਾਣੀ ਲਈ ਤਰਸ ਰਹੇ ਲੋਕਾਂ ਨੇ ਕੀਤਾ ਪ੍ਰਦਰਸ਼ਨ




ਹੁੰਮਸ ਭਰੀ ਗਰਮੀ ਦੌਰਾਨ ਪਿਛਲੇ 3 ਦਿਨਾਂ ਤੋਂ ਬਿਜਲੀ ਦੀ ਸਪਲਾਈ ਬੰਦ ਹੋਣ ਕਾਰਨ ਪਾਣੀ ਲਈ ਤਰਸ ਰਹੇ ਭਾਮੀਆ ਕਲਾਂ ਦੀ ਸੁਰਜੀਤ ਕਾਲੋਨੀ ਦੇ ਇਲਾਕਾ ਨਿਵਾਸੀਆਂ ਦਾ ਗੁੱਸਾ ਪਾਵਰਕਾਮ ਵਿਭਾਗ ਦੇ ਅਧਿਕਾਰੀਆਂ ਖਿਲਾਫ ਫੁੱਟ ਉੱਠਿਆ।

ਇਲਾਕਾ ਨਿਵਾਸੀਆਂ ਪਵਨ ਕੁਮਾਰ, ਵਿਜੇ ਰਾਵਤ, ਅਨੰਦ ਕਿਸ਼ੋਰ, ਲੱਕੀ, ਸਰਬਜੀਤ ਸਿੰਘ, ਅੰਕਿਤ ਆਦਿ ਲੋਕਾਂ ਨੇ ਪਾਵਰਾਮ ਦੇ ਫੋਕਲ ਪੁਆਇੰਟ ਸਥਿਤ ਡਵੀਜ਼ਨ ਦੇ ਐੱਸ. ਡੀ. ਓ. ਅਤੇ ਐਕਸੀਅਨ ਖਿਲਾਫ ਪ੍ਰਦਰਸ਼ਨ ਕਰਦੇ ਹੋਏ ਗੰਭੀਰ ਦੋਸ਼ ਲਗਾਏ ਹਨ। ਇਲਾਕਾ ਨਿਵਾਸੀਆਂ ਵੱਲੋਂ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਦੇ ਡਾਇਰੈਕਟਰ ਅਤੇ ਚੀਫ ਇੰਜੀਨੀਅਰ ਨੂੰ ਲਾਪ੍ਰਵਾਹ ਅਧਿਕਾਰੀਆਂ ਖਿਲਾਫ ਵੀ ਵਿਭਾਗੀ ਕਾਰਵਾਈ ਕਰਨ ਦੀ ਮੰਗ ਕੀਤੀ ਹੈ।

ਪ੍ਰਦਰਸ਼ਨਕਾਰੀਆਂ ਨੇ ਦੱਸਿਆ ਕਿ ਭਿਆਨਕ ਗਰਮੀ ਦੌਰਾਨ ਪਿਛਲੇ 3 ਦਿਨਾਂ ਤੋਂ ਇਲਾਕੇ 'ਚ ਬਿਜਲੀ ਦੀ ਸਪਲਾਈ ਵਿਵਸਥਾ ਪੂਰੀ ਤਰ੍ਹਾਂ ਠੱਪ ਪਈ ਹੈ , ਜਿਸ ਕਾਰਨ ਲੋਕ ਪਾਣੀ ਦੀ ਬੂੰਦ-ਬੂੰਦ ਲਈ ਤਰਸ ਰਹੇ ਹਨ। ਉਨ੍ਹਾਂ ਕਿਹਾ ਕਿ ਇਲਾਕਾ ਨਿਵਾਸੀ ਇਕੱਠੇ ਹੋ ਕੇ ਪਾਵਰਕਾਮ ਦੀ ਫੋਕਲ ਪੁਆਇੰਟ ਡਵੀਜ਼ਨ ਦੇ ਐਕਸੀਅਨ ਕੋਲ ਆਪਣੀ ਫਰਿਆਦ ਲੈ ਕੇ ਪੁੱਜੇ ਸਨ ਪਰ ਉਨ੍ਹਾਂ ਵੱਲੋਂ ਕੋਈ ਸੁਣਵਾਈ ਨਹੀਂ ਕੀਤੀ ਗਈ, ਜਿਸਦਾ ਖਾਮਿਆਜ਼ਾ ਮਾਸੂਮ ਬੱਚਿਆਂ, ਬਜ਼ੁਰਗਾਂ ਅਤੇ ਬੀਮਾਰ ਲੋਕਾਂ ਨੂੰ ਭਿਆਨਕ ਗਰਮੀ ਦੇ ਇਸ ਮੌਸਮ 'ਚ ਬਿਜਲੀ ਅਤੇ ਪੀਣ ਵਾਲੇ ਪਾਣੀ ਦੀ ਭਾਰੀ ਕਿੱਲਤ ਦੇ ਰੂਪ 'ਚ ਭੁਗਤਣਾ ਪੈ ਰਿਹਾ ਹੈ। ਇਲਾਕਾ ਨਿਵਾਸੀਆਂ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਪਾਵਰਕਾਮ ਵਿਭਾਗ ਦੇ ਅਧਿਕਾਰੀਆਂ ਵੱਲੋਂ ਉਨ੍ਹਾਂ ਦੀ ਸਮੱਸਿਆ ਦਾ ਹੱਲ ਨਾ ਕੀਤਾ ਤਾਂ ਸਾਰੇ ਇਲਾਕਾ ਨਿਵਾਸੀ ਇਕੱਠੇ ਹੋ ਕੇ ਮਜਬੂਰਨ ਪਾਵਰਕਾਮ ਵਿਭਾਗ ਦੇ ਫੋਕਲ ਪੁਆਇੰਟ ਬਿਜਲੀਘਰ ਦਾ ਘਿਰਾਓ ਕਰਨਗੇ।ਕੀ ਕਹਿੰਦੇ ਹਨ ਐਕਸੀਅਨ

ਫੋਕਲ ਪੁਆਇੰਟ ਡਵੀਜ਼ਨ ਦੇ ਐਕਸੀਅਨ ਅਮਰਿੰਦਰ ਸਿੰਘ ਸੰਧੂ ਨੇ ਦਾਅਵਾ ਕੀਤਾ ਹੈ ਕਿ ਇਲਾਕੇ 'ਚ ਪਿਛਲੇ ਦਿਨੀਂ ਬਿਜਲੀ ਦੀ ਸਪਲਾਈ ਚੱਲ ਰਹੀ ਸੀ ਪਰ ਇਸ ਦੌਰਾਨ ਲਾਈਨ ਖਰਾਬ ਹੋਣ ਕਾਰਨ ਫੀਡਰ ਬੰਦ ਹੋ ਗਿਆ। ਇਸ ਦੌਰਾਨ ਉਨ੍ਹਾਂ ਵੱਲੋਂ ਖੁਦ ਕਰਮਚਾਰੀਆਂ ਦੀ ਟੀਮ ਅਤੇ ਹੋਰ ਜ਼ਰੂਰੀ ਸਾਮਾਨ ਮੌਕੇ 'ਤੇ ਭੇਜ ਕੇ ਬਿਜਲੀ ਦੀ ਸਪਲਾਈ ਚਾਲੂ ਕਰਵਾਉਣ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ। ਪਿਛਲੇ 3 ਦਿਨਾਂ ਤੋਂ ਬਿਜਲੀ ਦੀ ਸਪਲਾਈ ਬੰਦ ਹੋਣ ਸਬੰਧੀ ਇਲਾਕਾ ਨਿਵਾਸੀਆਂ ਵੱਲੋਂ ਲਗਾਏ ਜਾ ਰਹੇ ਦੋਸ਼ ਬਿਲਕੁਲ ਬੇਬੁਨਿਆਦ ਹਨ।

# ਅਦਾਕਾਰਾ ਰਸ਼ਮਿਕਾ ਮੰਡਾਨਾ ਬਣੀ 'CMF by Nothing' ਬ੍ਰਾਂਡ ਦੀ ਅੰਬੈਸਡਰ





ਅਦਾਕਾਰਾ ਰਸ਼ਮਿਕਾ ਮੰਡਾਨਾ ਸਿਰਫ਼ ਆਪਣੇ ਕੰਮ ਲਈ ਹੀ ਨਹੀਂ ਸਗੋਂ ਆਪਣੀ ਖੂਬਸੂਰਤੀ ਲਈ ਵੀ ਜਾਣੀ ਜਾਂਦੀ ਹੈ। ਇਸ ਕਾਰਨ ਉਸ ਨੂੰ ਨੈਸ਼ਨਲ ਕ੍ਰਸ਼ ਵੀ ਕਿਹਾ ਜਾਂਦਾ ਹੈ। ਹੁਣ ਹਾਲ ਹੀ 'ਚ ਇਹ ਮਸ਼ਹੂਰ ਅਦਾਕਾਰਾ CMF ਪ੍ਰੋਡਕਟ ਦੀ ਬ੍ਰਾਂਡ ਅੰਬੈਸਡਰ ਬਣ ਗਈ ਹੈ। ਲੰਡਨ ਸਥਿਤ ਟੈਕਨਾਲੋਜੀ ਕੰਪਨੀ Nothing ਦੇ ਉਪ-ਬ੍ਰਾਂਡ CMF ਨੇ ਭਾਰਤੀ ਫ਼ਿਲਮ ਅਦਾਕਾਰਾ ਰਸ਼ਮਿਕਾ ਮੰਡਾਨਾ ਨਾਲ ਆਪਣੀ ਭਾਈਵਾਲੀ ਦਾ ਐਲਾਨ ਕੀਤਾ ਹੈ।'Nothing' ਇੰਡੀਆ ਦੇ ਪ੍ਰੈਜ਼ੀਡੈਂਟ ਵਿਸ਼ਾਲ ਭੋਲਾ ਨੇ ਕਿਹਾ, "ਅਸੀਂ CMF ਪਰਿਵਾਰ 'ਚ ਰਸ਼ਮੀਕਾ ਮੰਡਾਨਾ ਦਾ ਸੁਆਗਤ ਕਰਦੇ ਹੋਏ ਬਹੁਤ ਖੁਸ਼ ਹਾਂ। 'CMF by Nothing' ਰੋਜ਼ਾਨਾ ਦੇ ਤਜ਼ਰਬਿਆਂ ਨੂੰ ਵਧਾਉਣ ਲਈ ਸੁੰਦਰ, ਕਾਰਜਸ਼ੀਲ ਅਤੇ ਵਿਚਾਰਸ਼ੀਲ ਉਪਕਰਣ ਬਣਾਉਣ ਦੇ ਸਾਡੇ ਦਰਸ਼ਨ ਨੂੰ ਦਰਸਾਉਂਦਾ ਹੈ। ਸਾਡਾ ਮੰਨਣਾ ਹੈ ਕਿ ਤਕਨਾਲੋਜੀ ਨਾ ਸਿਰਫ਼ ਨਵੀਨਤਾਕਾਰੀ ਹੋਣੀ ਚਾਹੀਦੀ ਹੈ, ਸਗੋਂ ਸਾਨੂੰ ਖੁਸ਼ ਕਰਨ ਅਤੇ ਆਪਣੇ ਆਪ ਨੂੰ ਪ੍ਰਗਟ ਕਰਨ ਦਾ ਇੱਕ ਸਰੋਤ ਹੋਣਾ ਚਾਹੀਦਾ ਹੈ।ਰਸ਼ਮੀਕਾ ਮੰਡਾਨਾ ਦੀ ਗਤੀਸ਼ੀਲ ਅਤੇ ਜੀਵੰਤ ਸ਼ਖਸੀਅਤ ਦੇ ਨਾਲ-ਨਾਲ ਉਸ ਦੇ ਕੰਮ ਪ੍ਰਤੀ ਸਮਰਪਣ ਨੇ ਉਸ ਨੂੰ 'CMF By Nothing' ਲਈ ਪਹਿਲੀ ਪਸੰਦ ਬਣਾ ਦਿੱਤਾ। ਇਸ ਲਈ ਅਸੀਂ ਆਪਣੇ ਬ੍ਰਾਂਡ ਦੀ ਨੁਮਾਇੰਦਗੀ ਕਰਨ ਅਤੇ ਗਾਹਕਾਂ ਨੂੰ ਪ੍ਰੇਰਿਤ ਕਰਨ ਲਈ ਰਸ਼ਮਿਕਾ ਬਹੁਤ ਉਤਸ਼ਾਹਿਤ ਹਾਂ।"

# ਕ੍ਰਿਤੀ ਖਰਬੰਦਾ ਨੇ ਪਤੀ ਪੁਲਕਿਤ ਬਣਾਇਆ ਸਿਹਤਮੰਦ ਲੰਚ



ਪੁਲਕਿਤ ਸਮਰਾਟ ਅਤੇ ਕ੍ਰਿਤੀ ਖਰਬੰਦਾ ਬੀ-ਟਾਊਨ ਦੇ ਸਭ ਤੋਂ ਪਿਆਰੇ ਜੋੜਿਆਂ ਵਿੱਚੋਂ ਇੱਕ ਹਨ। ਆਪਣੀ ਕ੍ਰਿਸ਼ਮਈ ਮੌਜੂਦਗੀ ਅਤੇ ਇੱਕ ਦੂਜੇ ਲਈ ਪਿਆਰ ਲਈ ਜਾਣੇ ਜਾਂਦੇ, ਜੋੜੇ ਨੇ ਵਾਰ-ਵਾਰ ਦਰਸ਼ਕਾਂ ਦੇ ਦਿਲਾਂ 'ਤੇ ਰਾਜ ਕੀਤਾ ਹੈ ਅਤੇ ਇਸ ਦੀ ਇੱਕ ਤਾਜ਼ਾ ਉਦਾਹਰਣ ਉਦੋਂ ਦੇਖਣ ਨੂੰ ਮਿਲੀ ਜਦੋਂ ਪੁਲਕਿਤ ਸਮਰਾਟ ਨੇ ਕ੍ਰਿਤੀ ਖਰਬੰਦਾ ਦੁਆਰਾ ਪਕਾਏ ਗਏ ਇੱਕ ਸਿਹਤਮੰਦ ਭੋਜਨ ਦੀ ਤਸਵੀਰ ਸਾਂਝੀ ਕੀਤੀ।ਜਦੋਂ ਕ੍ਰਿਤੀ ਖਰਬੰਦਾ ਨੇ ਪੁਲਕਿਤ ਲਈ ਇੱਕ ਸੁਆਦੀ ਸਿਹਤਮੰਦ ਭੋਜਨ ਤਿਆਰ ਕੀਤਾ, ਉਸਨੇ ਕਈ ਤਸਵੀਰਾਂ ਸਾਂਝੀਆਂ ਕੀਤੀਆਂ ਜਿਸ 'ਚ ਦਿਖਾਇਆ ਗਿਆ ਕਿ ਕਿਵੇਂ ਕ੍ਰਿਤੀ ਖਰਬੰਦਾ ਉਸ ਦੇ ਲਈ ਇੱਕ ਸ਼ੈੱਫ ਬਣ ਗਈ, ਪੁਲਕਿਤ ਨੇ ਇਸ ਸੀਰੀਜ਼ ਦੀ ਪਹਿਲੀ ਤਸਵੀਰ ਸੋਸ਼ਲ ਮੀਡੀਆ 'ਤੇ ਸ਼ੇਅਰ ਕੀਤੀ ਅਤੇ ਇਸ ਦਾ ਕੈਪਸ਼ਨ ਦਿੱਤਾ, "Lunch By Wifey"। ਤੁਹਾਨੂੰ ਦੱਸ ਦੇਈਏ, ਪੁਲਕਿਤ ਸਮਰਾਟ ਅਤੇ ਕ੍ਰਿਤੀ ਖਰਬੰਦਾ ਨੇ 15 ਮਾਰਚ 2024 ਨੂੰ ਗੁੜਗਾਓਂ 'ਚ ਕਰੀਬੀ ਦੋਸਤਾਂ ਅਤੇ ਪਰਿਵਾਰ ਦੀ ਮੌਜੂਦਗੀ 'ਚ ਵਿਆਹ ਕੀਤਾ ਹੈ, ਜਿਸ ਦੀਆਂ ਤਸਵੀਰਾਂ ਇੰਟਰਨੈੱਟ 'ਤੇ ਵਾਇਰਲ ਹੋਈਆਂ ਹਨ।

# ਬੀ. ਟਾਊਨ ਸੈਲੇਬਸ ਲਈ ਰੱਖਿਆ ਗਿਆ 'ਕਿਲ' ਦਾ ਪ੍ਰੀਮੀਅਰ







ਮੁੰਬਈ 'ਚ ਬੀ. ਟਾਊਨ ਸੈਲੇਬਸ ਲਈ ਫਿਲਮ 'ਕਿਲ' ਦਾ ਪ੍ਰੀਮੀਅਰ ਆਯੋਜਿਤ ਕੀਤਾ ਗਿਆ। ਇਸ ਮੌਕੇ ਅਭਿਨੇਤਰੀ ਖੁਸ਼ੀ ਕਪੂਰ, ਜੈਕੀ ਭਗਨਾਨੀ, ਅਲੀਜੇਹ ਅਗਨੀਹੋਤਰੀ, ਰਕੁਲਪ੍ਰੀਤ ਸਿੰਘ, ਕਰਣ ਜੌਹਰ, ਸ਼ਨਾਇਆ ਕਪੂਰ, ਕਰਿਸ਼ਮਾ ਤੰਨਾ, ਰਿਧਿਮਾ ਪੰਡਿਤ, ਕੁਸ਼ਾ ਕਪਿਲਾ, ਜਾਨ੍ਹਵੀ ਕਪੂਰ, ਸੋਨਮ ਬਾਜਵਾ, ਰਾਧਿਕਾ ਮਦਾਨ, ਵਰੁਣ ਧਵਨ, ਨੁਸਰਤ ਭਰੂਚਾ, ਵਿੱਕੀ ਕੌਸ਼ਲ, ਅਨੰਨਿਆ ਪਾਂਡੇ, ਆਦਿੱਤਿਆ ਰਾਏ ਕਪੂਰ, ਤਾਹਿਰਾ ਕਸ਼ਿਅਪ, ਮੌਨੀ ਰਾਏ ਸਪਾਟ ਹੋਏ।

# 'ਸਲਾਰ ਪਾਰਟ-2 : ਸ਼ੌਰਿਆਂਗ ਪਰਵਮ' ਦੀ ਸ਼ੂਟਿੰਗ 10 ਅਗਸਤ ਤੋਂ ਹੋਵੇਗੀ ਸ਼ੁਰੂ



ਬਾਕਸ ਆਫਿਸ 'ਤੇ 700 ਕਰੋੜ ਰੁਪਏ ਤੋਂ ਵੱਧ ਦੀ ਕਮਾਈ ਕਰ ਚੁੱਕੀ ਫਿਲਮ 'ਸਲਾਰ ਪਾਰਟ 1 : ਸੀਜ਼ਫਾਇਰ' ਦੇ ਦੂਜੇ ਪਾਰਟ 'ਸਲਾਰ ਪਾਰਟ 2 : ਸ਼ੌਰਿਆਂਗ ਪਰਵਮ' ਦੀ ਸ਼ੂਟਿੰਗ 10 ਅਗਸਤ ਤੋਂ ਸ਼ੁਰੂ ਹੋਣ ਜਾ ਰਹੀ ਹੈ। 'ਸਲਾਰ ਪਾਰਟ 1 : ਸੀਜ਼ਫਾਇਰ' ਨੂੰ ਨਿਰਦੇਸ਼ਕ ਪ੍ਰਸ਼ਾਂਤ ਨੀਲ ਦੁਆਰਾ ਨਿਰਦੇਸ਼ਿਤ ਕੀਤਾ ਗਿਆ ਸੀ। ਹੋਮਬਲੇ ਫਿਲਮਜ਼ ਤੋਂ ਮਿਲੀ ਖਬਰ ਮੁਤਾਬਕ ਪ੍ਰਭਾਸ 10 ਅਗਸਤ ਤੋਂ ਰਾਮੋਜੀ ਫਿਲਮ ਸਿਟੀ 'ਚ 'ਸਲਾਰ ਪਾਰਟ-2' ਦੀ ਸ਼ੂਟਿੰਗ 15 ਦਿਨਾਂ ਦੇ ਸ਼ੈਡਿਊਲ ਨਾਲ ਸ਼ੁਰੂ ਕਰਨਗੇ। 'ਸਲਾਰ : ਪਾਰਟ 1-ਸੀਜ਼ਫਾਇਰ' ਦੇ ਨਿਰਮਾਣ ਦੌਰਾਨ ਨਿਰਦੇਸ਼ਕ ਪ੍ਰਸ਼ਾਂਤ ਨੀਲ ਪਹਿਲਾਂ ਹੀ ਪ੍ਰਭਾਸ ਤੇ ਪ੍ਰਿਥਵੀਰਾਜ ਸੁਕੁਮਾਰਨ ਨਾਲ ਸੀਕਵਲ ਦਾ 20 ਫੀਸਦੀ ਸ਼ੂਟ ਕਰ ਚੁੱਕੇ ਹਨ।


# ਭਾਰਤ ਦੀ 'ਟੀ-20 ਵਰਲਡ ਕੱਪ ਜਿੱਤ' 'ਤੇ ਆਯੁਸ਼ਮਾਨ ਦੀ ਕਵਿਤਾ ਹੋਈ ਵਾਇਰਲ






ਬਾਲੀਵੁੱਡ ਸਟਾਰ ਆਯੁਸ਼ਮਾਨ ਖੁਰਾਨਾ ਆਪਣੀਆਂ ਦਿਲ ਨੂੰ ਛੂਹਣ ਵਾਲੀਆਂ ਕਵਿਤਾਵਾਂ ਲਈ ਇੰਟਰਨੈੱਟ 'ਤੇ ਮਸ਼ਹੂਰ ਹੈ। ਭਾਰਤ ਦੀ ਟੀ-20 ਵਿਸ਼ਵ ਕੱਪ ਜਿੱਤ ਨੂੰ ਸਮਰਪਿਤ ਉਸ ਦੀ ਕਵਿਤਾ ਨੂੰ 20 ਮਿਲੀਅਨ ਤੋਂ ਵੱਧ ਵਿਊਜ਼ ਮਿਲ ਚੁੱਕੇ ਹਨ। ਆਯੁਸ਼ਮਾਨ ਕਹਿੰਦੇ ਹਨ, "ਜਿਸ ਰਾਤ ਭਾਰਤ ਨੇ ਟੀ-20 ਵਿਸ਼ਵ ਕੱਪ ਜਿੱਤਿਆ, ਮੈਂ ਜ਼ਿਆਦਾ ਦੇਰ ਤੱਕ ਸੌਂ ਨਹੀਂ ਸਕਿਆ। ਜਦੋਂ ਮੈਂ ਅਗਲੇ ਦਿਨ ਜਾਗਿਆ ਤਾਂ ਮੈਂ ਰੌਲੇ ਨੂੰ ਨਜ਼ਰਅੰਦਾਜ਼ ਕਰਨ ਤੇ ਦੇਸ਼ ਦੀ ਉੱਚ ਸ਼ਾਨ ਲਿਆਉਣ ਦੀ ਉਨ੍ਹਾਂ ਦੀ ਯੋਗਤਾ ਬਾਰੇ ਕੁਝ ਲਿਖਣਾ ਚਾਹੁੰਦਾ ਸੀ। ਮੈਂ ਜੋ ਲਿਖਿਆ ਉਹ ਮੇਰੇ ਦਿਲ ਤੋਂ ਸਿੱਧਾ ਆਇਆ ਅਤੇ ਮੈਨੂੰ ਖੁਸ਼ੀ ਹੈ ਕਿ ਇਹ ਭਾਰਤ ਤੇ ਦੁਨੀਆ ਭਰ ਦੇ ਭਾਰਤੀਆਂ ਵਿਚ ਇੰਨਾ ਗੂੰਜਿਆ।

# ਕੀਮੋਥੈਰੇਪੀ ਕਰਾਉਣ ਮਗਰੋਂ ਕੁਝ ਅਜਿਹੀ ਸੀ ਹਿਨਾ ਖ਼ਾਨ ਦੀ ਹਾਲਤ, ਵੇਖ ਮਾਂ ਦੇ ਨਹੀਂ ਰੁਕੇ



ਛੋਟੇ ਪਰਦੇ ਤੇ ਪੰਜਾਬੀ ਫ਼ਿਲਮ ਇੰਡਸਟਰੀ ਦੀ ਅਦਾਕਾਰਾ ਹਿਨਾ ਖ਼ਾਨ 'ਬ੍ਰੈਸਟ ਕੈਂਸਰ' ਦੀ ਤੀਜੀ ਸਟੇਜ 'ਤੇ ਹੈ। ਜਿਸ ਕਾਰਨ ਉਸ ਦਾ ਹਸਪਤਾਲ 'ਚ ਇਲਾਜ ਚੱਲ ਰਿਹਾ ਹੈ। ਹਾਲ ਹੀ 'ਚ ਹਿਨਾ ਖ਼ਾਨ ਦੀ ਇਕ ਵੀਡੀਓ ਸਾਹਮਣੇ ਆਈ ਹੈ, ਜੋ ਸੋਸ਼ਲ ਮੀਡੀਆ 'ਤੇ ਵੀ ਕਾਫ਼ੀ ਵਾਇਰਲ ਹੋ ਰਹੀ ਹੈ। ਇਸ ਵੀਡੀਓ 'ਚ ਹਿਨਾ ਖ਼ਾਨ ਡਾਕਟਰ ਦੀ ਦੇਖ ਰੇਖ ਹੇਠ ਆਪਣਾ ਇਲਾਜ ਕਰਵਾ ਰਹੀ ਹੈ। ਅਦਾਕਾਰਾ ਚੜ੍ਹਦੀਕਲਾ 'ਚ ਹੈ ਅਤੇ ਖੁਸ਼ ਦਿਖਾਈ ਦੇ ਰਹੀ ਹੈ ਅਤੇ ਨਾਲ ਅੱਖਾਂ 'ਚ ਹੰਝੂ ਲੈ ਆਉਂਦੀ ਹੈ।ਅਦਾਕਾਰਾ ਨੂੰ ਉਸ ਦੇ ਫੈਨਸ ਵੀ ਚੰਗੀ ਸਿਹਤ ਲਈ ਦੁਆਵਾਂ ਕਰ ਰਹੇ ਹਨ ਅਤੇ ਨਾਲ ਹੀ ਉਸ ਦੀ ਹੌਸਲਾ ਅਫਜ਼ਾਈ ਵੀ ਕਰ ਰਹੇ ਹਨ। ਦੱਸਿਆ ਜਾ ਰਿਹਾ ਹੈ ਕਿ ਹਿਨਾ ਖ਼ਾਨ ਦੀ ਇਹ ਵੀਡੀਓ ਪਹਿਲੀ ਕੀਮੋਥੈਰੇਪੀ ਤੋਂ ਪਹਿਲਾਂ ਦੀ ਜਾਂ ਬਾਅਦ ਦੀ ਹੈ। ਦੱਸ ਦਈਏ ਕਿ ਬੀਤੇ ਦਿਨੀਂ ਹਿਨਾ ਖ਼ਾਨ ਨੇ ਆਪਣੇ ਵਾਲ ਕਟਵਾ ਲਏ, ਜਿਸ ਦੀ ਵੀਡੀਓ ਵੇਖ ਕੇ ਹਰ ਕੋਈ ਭਾਵੁਕ ਹੋ ਰਿਹਾ ਹੈ ਤੇ ਅਦਾਕਾਰਾ ਨੂੰ ਹੌਂਸਲਾ ਦੇ ਰਿਹਾ ਹੈ। ਉਥੇ ਹੀ ਜਦੋਂ ਹਿਨਾ ਖ਼ਾਨ ਆਪਣੇ ਵਾਲ ਕੱਟ ਰਹੀ ਸੀ, ਉਦੋਂ ਮਾਂ ਉਸ ਨੂੰ ਵੇਖ ਕੇ ਬਹੁਤ ਭਾਵੁਕ ਹੋ ਜਾਂਦੀ ਹੈ ਅਤੇ ਭੁੱਬਾਂ ਮਾਰ ਕੇ ਰੋਣ ਲੱਗਦੀ ਹੈ। ਇਸ ਦੀ ਇਕ ਵੀਡੀਓ ਹਿਨਾ ਖ਼ਾਨ ਨੇ ਆਪਣੇ ਸੋਸ਼ਲ ਮੀਡੀਆ ਇੰਸਟਾਗ੍ਰਾਮ ਅਕਾਊਂਟ 'ਤੇ ਸ਼ੇਅਰ ਕੀਤੀ ਹੈ।

# ਪ੍ਰਸਿੱਧ ਪੰਜਾਬੀ ਗਾਇਕ ਦੇ ਘਰ ਛਾਇਆ ਮਾਤਮ



ਪ੍ਰਸਿੱਧ ਪੰਜਾਬੀ ਗਾਇਕ ਤੇ ਅਦਾਕਾਰ ਬੱਬੂ ਮਾਨ ਦੇ ਕਿਸੇ ਸਮੇਂ ਸ਼ਾਗਿਰਦ ਰਹੇ ਅਤੇ ਗਾਇਕ ਦਰਸ਼ਨ ਲੱਖੇਵਾਲ ਦੇ ਪਿਤਾ ਦਾ ਦਿਹਾਂਤ ਹੋ ਗਿਆ ਹੈ। ਇਸ ਦੀਆਂ ਕੁਝ ਤਸਵੀਰਾਂ ਗਾਇਕ ਨੇ ਆਪਣੇ ਇੰਸਟਾਗ੍ਰਾਮ ਅਕਾਊਂਟ 'ਤੇ ਸਾਂਝੀਆਂ ਕੀਤੀਆਂ ਹਨ। ਬੀਤੇ ਕੁਝ ਸਮੇਂ ਪਹਿਲਾਂ ਦਰਸ਼ਨ ਲੱਖੇਵਾਲ ਦੀ ਮਾਂ ਦਾ ਵੀ ਦਿਹਾਂਤ ਹੋ ਗਿਆ ਸੀ ਅਤੇ ਹੁਣ ਪਿਤਾ ਦੇ ਦਿਹਾਂਤ ਤੋਂ ਬਾਅਦ ਗਾਇਕ ਪੂਰੀ ਤਰ੍ਹਾਂ ਟੁੱਟ ਚੁੱਕਿਆ ਹੈ। ਉਹ ਆਪਣੇ ਮਾਪਿਆਂ ਨੂੰ ਯਾਦ ਕਰਕੇ ਭਾਵੁਕ ਹੋ ਗਿਆ। ਤਸਵੀਰ 'ਚ ਤੁਸੀਂ ਵੇਖ ਸਕਦੇ ਹੋ ਕਿ ਗਾਇਕ ਨੇ ਆਪਣੇ ਪਿਤਾ ਜੀ ਦੇ ਨਾਲ ਤਸਵੀਰ ਸ਼ੇਅਰ ਕੀਤੀ ਹੈ, ਜਿਸ 'ਚ ਉਨ੍ਹਾਂ ਨੇ ਹੱਥ 'ਚ ਮਾਂ ਦੀ ਤਸਵੀਰ ਫੜ੍ਹੀ ਹੋਈ ਹੈ ਅਤੇ ਪਿਤਾ ਜੀ ਬੈੱਡ 'ਤੇ ਬੈਠੇ ਹੋਏ ਹਨ। ਇਸ ਤਸਵੀਰ ਨੂੰ ਸਾਂਝਾ ਕਰਦੇ ਹੋਏ ਗਾਇਕ ਨੇ ਲਿਖਿਆ 'ਮਿਸ ਯੂ ਮੰਮੀ ਡੈਡੀ।' ਇਸ ਤਸਵੀਰ 'ਤੇ ਫੈਨਸ ਦੇ ਵੱਲੋਂ ਵੀ ਕੁਮੈਂਟਸ ਦਿੱਤੇ ਜਾ ਰਹੇ ਹਨ।

ਦੱਸ ਦਈਏ ਕਿ ਗਾਇਕੀ ਦੇ ਖੇਤਰ 'ਚ ਆਉਣ ਲਈ ਦਰਸ਼ਨ ਲੱਖੇਵਾਲ ਦੀ ਮਦਦ ਬੱਬੂ ਮਾਨ ਨੇ ਕੀਤੀ ਸੀ। ਇਸ ਤੋਂ ਬਾਅਦ ਦਰਸ਼ਨ ਲੱਖੇਵਾਲ ਨੇ ਕਈ ਗੀਤ ਰਿਲੀਜ਼ ਕੀਤੇ ਸਨ। ਦਰਸ਼ਨ ਲੱਖੇਵਾਲ ਵੀ ਬੱਬੂ ਮਾਨ ਦੇ ਇਸ ਅਹਿਸਾਨ ਨੂੰ ਮੰਨਦੇ ਹਨ ਅਤੇ ਉਨ੍ਹਾਂ ਦਾ ਸ਼ੁਕਰੀਆ ਅਦਾ ਆਪਣੇ ਹੀ ਅੰਦਾਜ਼ 'ਚ ਕਰਦੇ ਰਹਿੰਦੇ ਹਨ।

# ਭਾਰਤੀ ਮੂਲ ਦੇ ਉਮੀਦਵਾਰ ਨੂੰ ਹਰਾ ਕੇ ਜੇਰੇਮੀ ਕੋਰਬੀਨ ਨੇ ਇਸਲਿੰਗਟਨ ਉੱਤਰੀ ਸੀਟ ਜਿੱਤੀ




ਬ੍ਰਿਟੇਨ ਵਿਚ 4 ਜੁਲਾਈ ਨੂੰ ਹੋਈਆਂ ਆਮ ਚੋਣਾਂ ਵਿਚ ਹੁਣ ਤੱਕ ਹੋਈ ਵੋਟਾਂ ਦੀ ਗਿਣਤੀ ਵਿਚ ਲੇਬਰ ਪਾਰਟੀ ਦੇ ਸਾਬਕਾ ਨੇਤਾ ਅਤੇ ਆਜ਼ਾਦ ਉਮੀਦਵਾਰ ਜੇਰੇਮੀ ਕੋਰਬੀਨ ਨੇ ਇਸਲਿੰਗਟਨ ਨਾਰਥ ਸੀਟ ਤੋਂ ਮੁੜ ਜਿੱਤ ਹਾਸਲ ਕੀਤੀ ਹੈ। ਲੇਬਰ ਪਾਰਟੀ 'ਚੋਂ ਕੱਢੇ ਜਾਣ ਦੇ ਬਾਵਜੂਦ ਉਨ੍ਹਾਂ ਨੇ ਇਸ ਵਾਰ ਵੀ ਆਪਣੀ ਜਿੱਤ ਬਰਕਰਾਰ ਰੱਖੀ। ਕੋਰਬੀਨ ਨੇ ਆਪਣੇ ਵਿਰੋਧੀ ਅਤੇ ਲੇਬਰ ਪਾਰਟੀ ਦੇ ਭਾਰਤੀ ਮੂਲ ਦੇ ਉਮੀਦਵਾਰ ਪ੍ਰਫੁੱਲ ਨਰਗੁੰਡ ਨੂੰ 7,247 ਵੋਟਾਂ ਦੇ ਫਰਕ ਨਾਲ ਹਰਾ ਕੇ ਇਸਲਿੰਗਟਨ ਉੱਤਰੀ ਸੀਟ ਨੂੰ 24,120 ਵੋਟਾਂ ਨਾਲ ਜਿੱਤ ਲਿਆ। ਪ੍ਰਫੁੱਲ ਨਰਗੁੰਡ ਨੂੰ ਕੁੱਲ 16,873 ਵੋਟਾਂ ਮਿਲੀਆਂ।

'ਦਿ ਇੰਡੀਪੈਂਡੈਂਟ' ਅਖ਼ਬਾਰ 'ਚ ਛਪੀ ਖ਼ਬਰ ਮੁਤਾਬਕ ਲੇਬਰ ਪਾਰਟੀ ਦੇ ਸਾਬਕਾ ਨੇਤਾ ਜੇਰੇਮੀ ਕੋਰਬਿਨ (75) 1983 ਤੋਂ ਇਸ ਸੀਟ 'ਤੇ ਜਿੱਤ ਹਾਸਲ ਕਰਦੇ ਆ ਰਹੇ ਹਨ ਅਤੇ ਹੁਣ ਤੱਕ ਉਹ 10 ਵਾਰ ਇਸ ਸੀਟ 'ਤੇ ਜਿੱਤ ਹਾਸਲ ਕਰ ਚੁੱਕੇ ਹਨ। ਪਰ ਇਸ ਵਾਰ ਉਹ ਆਜ਼ਾਦ ਉਮੀਦਵਾਰ ਵਜੋਂ ਚੋਣ ਲੜੇ ਕਿਉਂਕਿ 2020 ਵਿੱਚ ਲੇਬਰ ਪਾਰਟੀ ਨੇ ਉਨ੍ਹਾਂ ਨੂੰ ਪਾਰਟੀ ਵਿੱਚੋਂ ਕੱਢ ਦਿੱਤਾ ਸੀ। ਬ੍ਰਿਟੇਨ 'ਚ ਹੋਈਆਂ ਆਮ ਚੋਣਾਂ 'ਚ ਲੇਬਰ ਪਾਰਟੀ ਨੇ ਬਹੁਮਤ ਲਈ ਕਾਫੀ ਸੀਟਾਂ ਜਿੱਤ ਲਈਆਂ ਹਨ। ਇਸ ਦੇ ਨਾਲ ਹੀ ਸਾਬਕਾ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਨੇ ਹਾਰ ਸਵੀਕਾਰ ਕਰ ਲਈ ਹੈ ਅਤੇ ਲੇਬਰ ਪਾਰਟੀ ਦੇ ਨੇਤਾ ਕੀਰ ਸਟਾਰਮਰ ਨੂੰ ਵਧਾਈ ਦਿੱਤੀ ਹੈ। ਕੀਰ ਸਟਾਰਮਰ ਬ੍ਰਿਟੇਨ ਦੇ ਅਗਲੇ ਪ੍ਰਧਾਨ ਮੰਤਰੀ ਬਣ ਸਕਦੇ ਹਨ। ਕੰਜ਼ਰਵੇਟਿਵ ਪਾਰਟੀ ਨੂੰ ਹੁਣ ਤੱਕ ਦੀ ਸਭ ਤੋਂ ਬੁਰੀ ਹਾਰ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਹਾਲਾਂਕਿ ਰਿਸ਼ੀ ਸੁਨਕ ਨੇ ਆਪਣੀ ਸੀਟ ਤੋਂ ਚੋਣ ਜਿੱਤੀ ਹੈ। ਕੋਰਬੀਨ ਨੇ ਆਪਣੀ ਜਿੱਤ ਬਾਰੇ ਕਿਹਾ, ''ਸਾਡੀ ਮੁਹਿੰਮ ਸਕਾਰਾਤਮਕ ਸੀ, ਇਹ ਰਾਜਨੀਤੀ ਦੇ 'ਗਟਰ' ਵਿੱਚ ਨਹੀਂ ਗਈ। ਉਸਨੇ ਕਿਹਾ."ਸਾਡੀ ਮੁਹਿੰਮ ਪੂਰੀ ਏਕਤਾ ਲਿਆਉਣ ਲਈ ਦ੍ਰਿੜ ਸੀ।" ਇਹ ਨਤੀਜਾ ਇਸਲਿੰਗਟਨ ਉੱਤਰੀ ਦੇ ਲੋਕਾਂ ਦਾ ਇੱਕ ਸ਼ਾਨਦਾਰ ਸੰਦੇਸ਼ ਹੈ ਕਿ ਉਹ ਕੁਝ ਬਿਹਤਰ ਚਾਹੁੰਦੇ ਹਨ। ਜੇਰੇਮੀ ਕੋਰਬੀਨ ਨੇ ਕਿਹਾ, "ਮੈਂ ਆਪਣੀ ਜ਼ਿੰਦਗੀ, ਸਿੱਖਿਆ ਅਤੇ ਕਾਬਲੀਅਤਾਂ ਦਾ ਪੂਰੀ ਤਰ੍ਹਾਂ ਇਸਲਿੰਗਟਨ ਉੱਤਰੀ ਦੇ ਲੋਕਾਂ ਦਾ ਰਿਣੀ ਹਾਂ। ਇਹ ਜਿੱਤ ਪੂਰੀ ਤਰ੍ਹਾਂ ਉਸ ਨੂੰ ਸਮਰਪਿਤ ਹੈ।''


# 8 ਵਾਰ ਦੀ ਕੋਸ਼ਿਸ਼ ਤੋਂ ਬਾਅਦ ਸੰਸਦ ਪਹੁੰਚੇ ਰਿਫਾਰਮ ਯੂਕੇ ਪਾਰਟੀ ਦੇ ਨੇਤਾ ਨਿਗੇਲ ਫਰਾਜ



ਬ੍ਰੇਕਿਸਟ ਸੁਧਾਰ ਸਮਰਥਕ ਯੂਕੇ ਪਾਰਟੀ ਦੇ ਨੇਤਾ ਨਿਗੇਲ ਫਰਾਜ 8ਵੀਂ ਕੋਸ਼ਿਸ਼ 'ਚ ਬ੍ਰਿਟੇਨ ਦੀ ਸੰਸਦ ਲਈ ਚੁਣੇ ਗਏ ਹਨ। ਦੇਸ਼ ਦੇ ਪ੍ਰਸਾਰਕ 'ਸਕਾਈ ਨਿਊਜ਼' ਨੇ ਸ਼ੁੱਕਰਵਾਰ ਨੂੰ ਇਹ ਜਾਣਕਾਰੀ ਦਿੱਤੀ। 60 ਸਾਲਾ ਰਾਜਨੇਤਾ ਨੇ ਪਹਿਲੇ 7 ਵਾਰ ਹਾਊਸ ਆਫ਼ ਕਾਮਨਸ ਲਈ ਚੁਣੇ ਜਾਣ ਦੀ ਕੋਸ਼ਿਸ਼ ਕੀਤੀ ਸੀ ਅਤੇ ਇਹ ਪਹਿਲੀ ਵਾਰ ਹੈ ਕਿ ਉਹ ਸਫ਼ਲ ਹੋਏ ਹਨ।

ਰਿਫਾਰਮ ਯੂਕੇ ਦੱਖਣਪੰਥੀ ਲੋਕ ਲੁਭਾਵਨ ਪਾਰਟੀ ਹੈ, ਜਿਸ ਨੂੰ 2018 'ਚ ਬ੍ਰੇਕਿਸਟ ਪਾਰਟੀ ਵਜੋਂ ਸਥਾਪਤ ਕੀਤਾ ਗਿਆ ਸੀ। ਇਹ ਪਾਰਟੀ ਕਥਿਤ ਤੌਰ 'ਤੇ ਹਾਊਸ ਆਫ਼ ਕਾਮਨਸ 'ਚ 13 ਸੀਟਾਂ ਜਿੱਤਣ ਵੱਲ ਵੱਧ ਰਹੀ ਹੈ। ਇਸ ਤੋਂ ਪਹਿਲਾਂ ਪਾਰਟੀ ਦਾ ਸੰਸਦ 'ਚ ਕੋਈ ਪ੍ਰਤੀਨਿਧੀਤੱਵ ਨਹੀਂ ਸੀ।

# ਘਰ 'ਚ ਦਾਖਲ ਹੋਇਆ ਟਰੱਕ, ਡਰਾਈਵਰ ਦੀ ਮੌਤ



ਅਮਰੀਕਾ ਦੀ ਟੈਕਸਾਸ ਸਟੇਟ ਦੇ ਮਿਸ਼ਨ ਸ਼ਹਿਰ ਵਿੱਚ ਇੱਕ ਭਿਆਨਕ ਟਰੱਕ ਹਾਦਸਾ ਵਾਪਰਿਆ। ਜਿਸ ਵਿੱਚ 51 ਸਾਲਾ ਟਰੱਕ ਡਰਾਈਵਰ ਦੀ ਮੌਤ ਹੋ ਗਈ। ਅਧਿਕਾਰੀਆਂ ਨੇ ਦੱਸਿਆ ਕਿ ਟੈਕਸਾਸ ਦੇ ਮਿਸ਼ਨ ਟਾਊਨ ਵਿੱਚ ਸ਼ਨੀਵਾਰ, 29 ਜੂਨ ਦੀ ਸਵੇਰ ਨੂੰ ਮਿਸ਼ਨ ਵਿੱਚ ਡਬਲਯੂ. ਐਕਸਪ੍ਰੈਸਵੇਅ 83 ਦੇ 2600 ਬਲਾਕ ਵਿੱਚ ਇੱਕ 18 ਪਹੀਆ ਵਾਹਨ ਸੜਕ ਤੋਂ ਇੱਕਦਮ ਬੇਕਾਬੂ ਹੋਕੇ ਨੇੜੇ ਦੇ ਪਾਰਕਿੰਗ ਲਾਟ ਵਿੱਚ ਤੇਜ਼ ਰਫ਼ਤਾਰ ਨਾਲ ਦਾਖਲ ਹੋ ਗਿਆ, ਜਿੱਥੇ ਇਸਨੇ ਕੁਝ ਕਾਰਾਂ ਨੂੰ ਟੱਕਰ ਮਾਰੀ ਅਤੇ ਉਪਰੰਤ ਫਾਰ ਸੇਲ ਖਾਲੀ ਘਰ ਅੰਦਰ ਵੜ ਗਿਆ। ਇਸ ਐਕਸੀਡੈਂਟ ਵਿੱਚ ਟਰੱਕ ਡਰਾਈਵਰ ਦੀ ਮੌਤ ਹੋ ਗਈ ਅਤੇ ਕਾਰ ਸਵਾਰ ਦੋ ਲੋਕ ਗੰਭੀਰ ਜ਼ਖਮੀ ਹੋ ਗਏ, ਜਿਹੜੇ ਸਥਾਨਕ ਹਸਪਤਾਲ ਵਿੱਚ ਜੇਰੇ ਇਲਾਜ ਹਨ। ਮਿਸ਼ਨ ਫਾਇਰ ਫਾਈਟਰਜ਼ ਐਸੋਸੀਏਸ਼ਨ ਨੇ ਇੱਕ ਫੇਸਬੁੱਕ ਪੋਸਟ ਵਿੱਚ ਕਿਹਾ ਕਿ ਇੱਕ ਵੱਡਾ ਹਾਦਸਾ ਹੋਇਆ ਪਰ ਚੰਗੀ ਕਿਸਮਤ ਨਾਲ ਘਰ ਸੇਲ 'ਤੇ ਹੋਣ ਕਰਕੇ ਖਾਲੀ ਸੀ ਅਤੇ ਹੋਰ ਜਾਨੀ ਨੁਕਸਾਨ ਹੋਣੋਂ ਬਚਾ ਰਿਹਾ। ਇਸ ਭਿਆਨਕ ਐਕਸੀਡੈਂਟ ਕਾਰਨ ਘਰ ਬੁਰੀ ਤਰਾਂ ਤਬਾਹ ਹੋ ਚੁੱਕਾ ਹੈ, ਜਿਸ ਕਰਕੇ ਬਚਦੇ ਘਰ ਦੇ ਢਾਂਚੇ ਨੂੰ ਜਲਦ ਗਿਰਾਇਆ ਜਾਵੇਗਾ। ਮਿਸ਼ਨ ਪੁਲਸ ਘਟਨਾ ਦੀ ਬਰੀਕੀ ਨਾਲ ਜਾਂਚ ਕਰ ਰਹੀ ਹੈ।

# ਕੈਨੇਡਾ 'ਚ ਪਨਾਹ ਮੰਗਣ ਵਾਲਿਆਂ ਲਈ ਹੋਟਲ ਖਰੀਦੇਗੀ ਫੈਡਰਲ ਸਰਕਾਰ!



ਕੈਨੇਡਾ ਵਿਚ ਪਨਾਹ ਮੰਗਣ ਵਾਲਿਆਂ ਦੀ ਲਗਾਤਾਰ ਵਧਦੀ ਗਿਣਤੀ ਇਮੀਗ੍ਰੇਸ਼ਨ ਮੰਤਰਾਲੇ ਲਈ ਸਿਰਦਰਦੀ ਬਣਦੀ ਜਾ ਰਹੀ ਹੈ ਅਤੇ ਕਿਰਾਏ 'ਤੇ ਲਏ ਹੋਟਲਾਂ ਦਾ ਖਰਚਾ ਘਟਾਉਣ ਲਈ ਫੈਡਰਲ ਸਰਕਾਰ ਆਪਣੇ ਹੋਟਲ ਖਰੀਦਣ ਬਾਰੇ ਵਿਚਾਰ ਕਰ ਰਹੀ ਹੈ। ਮੌਜੂਦਾ ਵਰ੍ਹੇ ਦੌਰਾਨ ਕੈਨੇਡਾ ਸਰਕਾਰ 4 ਹਜ਼ਾਰ ਹੋਟਲ ਕਮਰਿਆਂ ਦਾ ਕਿਰਾਇਆ ਬਰਦਾਸ਼ਤ ਕਰ ਰਹੀ ਹੈ ਜਿਨ੍ਹਾਂ ਵਿਚ 7,300 ਸ਼ਰਨਾਰਥੀਆਂ ਨੂੰ ਰੱਖਿਆ ਗਿਆ ਹੈ। 'ਦਾ ਗਲੋਬ ਐਂਡ ਮੇਲ' ਦੀ ਰਿਪੋਰਟ ਮੁਤਾਬਕ ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਕਿਹਾ ਕਿ ਲੰਮੇ ਸਮੇਂ ਲਈ ਲੀਜ਼ 'ਤੇ ਲਏ ਹੋਟਲਾਂ ਦਾ ਖਰਚਾ ਕਾਫੀ ਜ਼ਿਆਦਾ ਹੋ ਰਿਹਾ ਹੈ ਜਿਸ ਦੇ ਮੱਦੇਨਜ਼ਰ ਆਪਣੇ ਹੋਟਲ ਖਰੀਦਣੇ ਜ਼ਿਆਦਾ ਵਾਜਬ ਰਹਿਣਗੇ। ਅਸਾਇਲਮ ਮਤਲਬ ਪਨਾਹ ਦਾ ਦਾਅਵਾ ਕਰਨ ਵਾਲਿਆਂ ਨੂੰ ਪ੍ਰੋਵਿਨਸ਼ੀਅਲ ਸ਼ੈਲਟਰਜ਼ ਜਾਂ ਧਾਰਮਿਕ ਥਾਵਾਂ ਤੋਂ ਹੋਟਲਾਂ ਵਿਚ ਤਬਦੀਲ ਕੀਤਾ ਗਿਆ ਹੈ।ਇਕ ਇੰਟਰਵਿਊ ਦੌਰਾਨ ਉਨ੍ਹਾਂ ਇਹ ਵੀ ਕਿਹਾ ਕਿ ਆਪਣੇ ਮਾਮਲਿਆਂ ਦੀ ਸੁਣਵਾਈ ਮੁਕੰਮਲ ਹੋਣ ਦੀ ਉਡੀਕ ਕਰ ਰਹੇ ਸ਼ਰਨਾਰਥੀਆਂ ਦੀ ਨਿਗਰਾਨੀ ਲਈ ਫੈਡਰਲ ਅਤੇ ਪ੍ਰੋਵਿਨਸ਼ੀਅਲ ਅਧਿਕਾਰੀਆਂ ਦੀ ਤਾਇਨਾਤੀ ਕਰਨ 'ਤੇ ਵੀ ਵਿਚਾਰ ਕੀਤਾ ਜਾ ਰਿਹਾ ਹੈ। ਮਾਰਕ ਮਿਲਰ ਨੇ ਦਾਅਵਾ ਕੀਤਾ ਕਿ ਕੈਨੇਡਾ ਵਿਚ ਪਨਾਹ ਮੰਗਣ ਵਾਲਿਆਂ ਦੀ ਗਿਣਤੀ ਜਲਦ ਹੀ ਹੇਠਾਂ ਆ ਸਕਦੀ ਹੈ। ਇਥੇ ਦੱਸਣਾ ਬਣਦਾ ਹੈ ਕਿ ਸਤੰਬਰ 2021 ਤੋਂ ਜਨਵਰੀ 2023 ਦਰਮਿਆਨ ਫੈਡਰਲ ਸਰਕਾਰ ਵੱਲੋਂ ਸ਼ਰਨਾਰਥੀਆਂ ਨੂੰ ਠਹਿਰਾਉਣ ਲਈ ਹੋਟਲਾਂ 'ਤੇ 9 ਕਰੋੜ 40 ਲੱਖ ਡਾਲਰ ਖਰਚ ਕੀਤੇ ਗਏ। ਇਨ੍ਹਾਂ ਵਿਚੋਂ 10 ਹੋਟਲ ਮੌਂਟਰੀਅਲ ਵਿਖੇ ਮੌਜੂਦ ਸਨ ਜਦਕਿ 112 ਕਮਰਿਆਂ ਵਾਲਾ ਇਕ ਹੋਟਲ ਇੰਟਰਨੈਸ਼ਨਲ ਏਅਰਪੋਰਟ ਨੇੜੇ ਸਥਿਤ ਹੈ। ਇਸ ਤੋਂ ਇਲਾਵਾ ਨਿਆਗਰਾ ਫਾਲਜ਼ ਅਤੇ ਔਟਵਾ ਵਿਖੇ ਵੀ ਹੋਟਲ ਕਿਰਾਏ ਲਏ ਗਏ ਤਾਂਕਿ ਵੱਡੇ ਸ਼ਹਿਰਾਂ 'ਤੇ ਦਬਾਅ ਘਟਾਇਆ ਜਾ ਸਕੇ। ਫਰਵਰੀ 2023 ਤੋਂ ਫਰਵਰੀ 2024 ਦਰਮਿਆਨ ਨਿਆਗਰਾ ਫਾਲਜ਼ ਵਿਖੇ ਸ਼ਰਨਾਰਥੀਆਂ ਦੀ ਰਿਹਾਇਸ਼ ਲਈ 10 ਕਰੋੜ ਡਾਲਰ ਦੀ ਰਕਮ ਹੋਟਲਾਂ 'ਤੇ ਖਰਚ ਕੀਤੀ ਗਈ। ਹਾਊਸ ਆਫ ਕਾਮਨਜ਼ ਵਿਚ ਪੁੱਛੇ ਗਏ ਇਕ ਸਵਾਲ ਦੇ ਜਵਾਬ ਵਿਚ ਫੈਡਰਲ ਸਰਕਾਰ ਨੇ ਦੱਸਿਆ ਕਿ ਪਿਛਲੇ ਸਾਲ ਵੱਖ-ਵੱਖ ਮੁਲਕਾਂ ਤੋਂ ਆਏ ਤਕਰੀਬਨ ਪੰਜ ਹਜ਼ਾਰ ਸ਼ਰਨਾਰਥੀਆਂ ਦੀ ਰਿਹਾਇਸ਼ ਦਾ ਖਰਚਾ ਬਰਦਾਸ਼ਤ ਕੀਤਾ ਗਿਆ ਅਤੇ ਪਨਾਹ ਮੰਗਣ ਵਾਲੇ ਔਸਤਨ 113 ਦਿਨ ਹੋਟਲ ਵਿਚ ਰਹੇ।

# ਆਸਟ੍ਰੇਲੀਆ ਦੱਖਣੀ ਮਹਾਸਾਗਰ ਸਮੁੰਦਰੀ ਪਾਰਕ ਦਾ ਆਕਾਰ ਕਰੇਗਾ ਚੌਗੁਣਾ



ਆਸਟ੍ਰੇਲੀਆਈ ਸਰਕਾਰ ਨੇ ਸੁਰੱਖਿਅਤ ਉਪਅੰਟਾਰਟਿਕ ਮਰੀਨ ਪਾਰਕ ਦੇ ਵੱਡੇ ਵਿਸਥਾਰ ਲਈ ਯੋਜਨਾਵਾਂ ਦਾ ਪਰਦਾਫਾਸ਼ ਕੀਤਾ ਹੈ। ਵਾਤਾਵਰਣ ਅਤੇ ਜਲ ਮੰਤਰੀ ਤਾਨਿਆ ਪਲੀਬਰਸੇਕ ਨੇ ਸ਼ੁੱਕਰਵਾਰ ਨੂੰ ਦੱਖਣੀ ਮਹਾਸਾਗਰ ਵਿੱਚ ਸੁਰੱਖਿਅਤ ਹਡਸਨ ਆਈਲੈਂਡ ਅਤੇ ਮੈਕਡੋਨਲਡ ਟਾਪੂ ਸਮੁੰਦਰੀ ਰਿਜ਼ਰਵ ਦੇ ਆਕਾਰ ਨੂੰ 30 ਲੱਖ ਵਰਗ ਕਿਲੋਮੀਟਰ (ਕਿ.ਮੀ.) ਤੋਂ ਵੱਧ ਵਧਾਉਣ ਲਈ ਇੱਕ ਸਰਕਾਰੀ ਪ੍ਰਸਤਾਵ ਦਾ ਐਲਾਨ ਕੀਤਾ। ਇਹ ਪ੍ਰਸਤਾਵ ਰਿਜ਼ਰਵ ਦੇ ਆਕਾਰ ਨੂੰ ਚਾਰ ਗੁਣਾ ਤੋਂ ਵੱਧ ਕਰੇਗਾ, ਜੋ ਵਰਤਮਾਨ ਵਿੱਚ 71 ਹਜ਼ਾਰ ਵਰਗ ਕਿਲੋਮੀਟਰ ਨੂੰ ਕਵਰ ਕਰਦਾ ਹੈ ਅਤੇ ਸੁਰੱਖਿਅਤ ਸਮੁੰਦਰੀ ਪਾਰਕਾਂ ਦੁਆਰਾ ਕਵਰ ਕੀਤੇ ਗਏ ਆਸਟ੍ਰੇਲੀਆ ਦੇ ਸਮੁੰਦਰਾਂ ਦੇ ਅਨੁਪਾਤ ਨੂੰ 50 ਪ੍ਰਤੀਸ਼ਤ ਤੋਂ ਵੱਧ ਵਧਾ ਦੇਵੇਗਾ। ਪਲੀਬਰਸੇਕ ਨੇ ਇੱਕ ਬਿਆਨ ਵਿੱਚ ਕਿਹਾ ਕਿ ਸਮੁੰਦਰੀ ਪਾਰਕ ਦਾ ਵਿਸਤਾਰ ਖ਼ਤਰੇ ਵਿੱਚ ਪੈ ਰਹੇ ਸਮੁੰਦਰੀ ਪੰਛੀਆਂ ਅਤੇ ਸੀਲਾਂ ਲਈ ਵਿਸ਼ਵ ਪੱਧਰ 'ਤੇ ਮਹੱਤਵਪੂਰਨ ਨਿਵਾਸ ਸਥਾਨਾਂ ਦੀ ਰੱਖਿਆ ਵਿੱਚ ਮਦਦ ਕਰੇਗਾ।

# ਬਜ਼ੁਰਗ ਵਿਅਕਤੀ ਨੇ ਮੈਟਰੋ 'ਚ ਔਰਤ ਨਾਲ ਕੀਤੀ ਕੁੱਟਮਾਰ



ਮੈਟਰੋ 'ਚ ਸਫਰ ਕਰਦੇ ਸਮੇਂ ਇਕ 65 ਸਾਲਾ ਵਿਅਕਤੀ ਨੇ ਇਕ ਔਰਤ ਨਾਲ ਕੁੱਟਮਾਰ ਕੀਤੀ, ਜਿਸ ਤੋਂ ਬਾਅਦ ਪੁਲਸ ਨੇ ਉਸ ਨੂੰ ਹਿਰਾਸਤ 'ਚ ਲੈ ਲਿਆ। ਇਹ ਘਟਨਾ 24 ਜੂਨ ਦੀ ਹੈ, ਜਦੋਂ ਬਜ਼ੁਰਗ ਨੇ ਔਰਤ ਨੂੰ ਸੀਟ ਦੇਣ ਲਈ ਕਿਹਾ ਅਤੇ ਇਨਕਾਰ ਕਰਨ 'ਤੇ ਗੁੱਸੇ 'ਚ ਆ ਗਿਆ।

ਸੀਟ ਨੂੰ ਲੈ ਕੇ ਵਿਵਾਦ, ਫਿਰ ਹਿੰਸਾ

ਇੱਕ ਬਜ਼ੁਰਗ ਯਾਤਰੀ ਨੇ ਮੈਟਰੋ ਵਿੱਚ ਸਫ਼ਰ ਕਰਦੇ ਸਮੇਂ ਇੱਕ ਔਰਤ ਨੂੰ ਸੀਟ ਲੈਣ ਦੀ ਬੇਨਤੀ ਕੀਤੀ। ਜਦੋਂ ਔਰਤ ਨੇ ਇਨਕਾਰ ਕੀਤਾ ਤਾਂ ਬਜ਼ੁਰਗ ਨੇ ਡੰਡਾ ਕੱਢ ਕੇ ਔਰਤ 'ਤੇ ਹਮਲਾ ਕਰ ਦਿੱਤਾ, ਜਿਸ ਕਾਰਨ ਉਹ ਜ਼ਖਮੀ ਹੋ ਗਈ। ਬੁੱਢੇ ਨੇ ਔਰਤ ਦੀਆਂ ਲੱਤਾਂ ਵਿਚਕਾਰ ਛੜੀ ਪਾ ਦਿੱਤੀ ਅਤੇ ਉਸ ਨੂੰ ਆਪਣੇ ਹੱਥਾਂ ਨਾਲ ਮੁੱਕਾ ਮਾਰਿਆ। ਇਸ ਦੌਰਾਨ ਮਾਹੌਲ ਵਿਗੜ ਗਿਆ ਅਤੇ ਮੈਟਰੋ 'ਚ ਹੰਗਾਮਾ ਹੋ ਗਿਆ।

ਪੁਲਸ ਕਾਰਵਾਈ

ਵੀਡੀਓ ਵਾਇਰਲ ਹੋਣ ਤੋਂ ਬਾਅਦ, 25 ਜੂਨ ਨੂੰ ਸਥਾਨਕ ਪੁਲਸ ਨੇ ਜਨਤਕ ਵਿਵਸਥਾ ਨੂੰ ਭੰਗ ਕਰਨ ਦੇ ਦੋਸ਼ ਵਿੱਚ ਬਜ਼ੁਰਗ ਵਿਅਕਤੀ ਨੂੰ ਹਿਰਾਸਤ ਵਿੱਚ ਲੈ ਲਿਆ ਸੀ। ਵੀਡੀਓ 'ਚ ਦੇਖਿਆ ਜਾ ਸਕਦਾ ਹੈ ਕਿ ਬਜ਼ੁਰਗ ਨੇ ਔਰਤ ਨਾਲ ਬਹਿਸ ਕੀਤੀ, ਉਸ ਨੂੰ ਧੱਕਾ ਦਿੱਤਾ ਅਤੇ ਫਿਰ ਥੱਪੜ ਵੀ ਮਾਰਿਆ।

ਸੋਸ਼ਲ ਮੀਡੀਆ 'ਤੇ ਪ੍ਰਤੀਕਰਮ

ਘਟਨਾ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋਣ ਤੋਂ ਬਾਅਦ ਲੋਕ ਬਜ਼ੁਰਗ ਦੇ ਵਿਵਹਾਰ ਦੀ ਨਿੰਦਾ ਕਰ ਰਹੇ ਹਨ ਅਤੇ ਔਰਤ ਦੇ ਸਬਰ ਦੀ ਤਾਰੀਫ ਕਰ ਰਹੇ ਹਨ। ਇਕ ਯੂਜ਼ਰ ਨੇ ਲਿਖਿਆ ਕਿ ਬਜ਼ੁਰਗਾਂ ਲਈ ਸੀਟਾਂ ਰਾਖਵੀਆਂ ਹਨ ਪਰ ਹਮਲਾ ਕਰਨਾ ਕਾਨੂੰਨੀ ਜੁਰਮ ਹੈ। ਬਜ਼ੁਰਗਾਂ ਨੂੰ ਬੇਨਤੀਆਂ ਕਰਨ ਦਾ ਹੱਕ ਹੈ, ਪਰ ਹਿੰਸਾ ਦਾ ਸਹਾਰਾ ਲੈਣਾ ਅਣਉਚਿਤ ਹੈ। ਇਸ ਘਟਨਾ ਨੇ ਇਕ ਵਾਰ ਫਿਰ ਮੈਟਰੋ ਯਾਤਰੀਆਂ ਵਿਚ ਵਧ ਰਹੀ ਅਸਹਿਣਸ਼ੀਲਤਾ ਅਤੇ ਹਿੰਸਾ ਵੱਲ ਧਿਆਨ ਖਿੱਚਿਆ ਹੈ, ਜੋ ਨਾ ਸਿਰਫ ਚੀਨ ਵਿਚ ਸਗੋਂ ਦੁਨੀਆ ਭਰ ਵਿਚ ਚਿੰਤਾ ਦਾ ਵਿਸ਼ਾ ਬਣ ਗਿਆ ਹੈ।

# ਬ੍ਰਿਟੇਨ 'ਚ ਸੰਸਦੀ ਚੋਣਾਂ 'ਚ ਲੇਬਰ ਪਾਰਟੀ ਨੂੰ ਮਿਲਿਆ ਬਹੁਮਤ




ਬ੍ਰਿਟਿਸ਼ ਸੰਸਦ ਦੇ ਹੇਠਲੇ ਸਦਨ ਦੀਆਂ ਆਮ ਚੋਣਾਂ ਵਿਚ ਕੀਰ ਸਟਾਰਮਰ ਦੀ ਅਗਵਾਈ ਵਾਲੀ ਲੇਬਰ ਪਾਰਟੀ ਨੇ ਪੂਰਨ ਬਹੁਮਤ ਹਾਸਲ ਕਰ ਲਿਆ ਹੈ। ਨਿਊਜ਼ ਚੈਨਲ 'ਸਕਾਈ ਨਿਊਜ਼' ਨੇ ਹੁਣ ਤੱਕ ਜਿੱਤੀਆਂ ਸੀਟਾਂ ਦੀ ਗਿਣਤੀ ਦੇ ਹਿਸਾਬ ਨਾਲ ਇਹ ਜਾਣਕਾਰੀ ਦਿੱਤੀ ਹੈ। ਸਕਾਈ ਨਿਊਜ਼ ਨੇ ਸ਼ੁੱਕਰਵਾਰ ਨੂੰ ਤੜਕੇ ਕਿਹਾ ਕਿ ਸੰਸਦ ਦੀਆਂ 650 ਸੀਟਾਂ ਵਿੱਚੋਂ 467 ਸੀਟਾਂ ਦੇ ਐਲਾਨ ਨਾਲ ਲੇਬਰ ਪਾਰਟੀ ਨੇ 326 ਸੀਟਾਂ ਜਿੱਤੀਆਂ ਹਨ। ਤਿੰਨ ਪ੍ਰਸਾਰਕਾਂ - ਬੀ.ਬੀ.ਸੀ, ਆਈ.ਟੀ.ਵੀ ਅਤੇ ਸਕਾਈ ਨਿਊਜ਼ - ਦੁਆਰਾ ਕਰਵਾਏ ਗਏ ਐਗਜ਼ਿਟ ਪੋਲ ਨੇ ਕੁਝ ਘੰਟੇ ਪਹਿਲਾਂ ਭਵਿੱਖਬਾਣੀ ਕੀਤੀ ਸੀ ਕਿ ਲੇਬਰ ਪਾਰਟੀ 410 ਸੀਟਾਂ 'ਤੇ ਸ਼ਾਨਦਾਰ ਜਿੱਤ ਹਾਸਲ ਕਰੇਗੀ, ਜਦੋਂ ਕਿ ਕੰਜ਼ਰਵੇਟਿਵ ਪਾਰਟੀ 131 ਸੀਟਾਂ 'ਤੇ ਸਿਮਟ ਜਾਵੇਗੀ।ਉੱਧਰ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਨੇ ਆਮ ਚੋਣਾਂ 'ਚ ਪਾਰਟੀ ਦੇ ਖਰਾਬ ਪ੍ਰਦਰਸ਼ਨ ਵਿਚਕਾਰ ਆਪਣੀ ਹਾਰ ਸਵੀਕਾਰ ਕਰ ਲਈ ਹੈ। ਇਸ ਹਾਰ ਦੀ ਜ਼ਿੰਮੇਵਾਰੀ ਉਸ ਨੇ ਖੁਦ ਲਈ ਹੈ। ਉਸ ਨੇ ਕਿਹਾ ਕਿ ਮੈਂ ਇਸ ਹਾਰ ਦੀ ਜ਼ਿੰਮੇਵਾਰੀ ਲੈਂਦਾ ਹਾਂ ਅਤੇ ਕੀਅਰ ਸਟਾਰਮਰ ਨੂੰ ਜਿੱਤ 'ਤੇ ਵਧਾਈ ਦਿੰਦਾ ਹਾਂ। ਵੋਟਾਂ ਦੀ ਗਿਣਤੀ ਦੇ ਸ਼ੁਰੂਆਤੀ ਨਤੀਜਿਆਂ ਮੁਤਾਬਕ ਇਹ ਯਕੀਨੀ ਜਾਪਦਾ ਹੈ ਕਿ ਲੇਬਰ ਪਾਰਟੀ ਦੇ ਨੇਤਾ ਕੀਰ ਸਟਾਰਮਰ ਪ੍ਰਧਾਨ ਮੰਤਰੀ ਬਣ ਜਾਣਗੇ। ਇਸ ਦੇ ਨਾਲ ਹੀ ਹਾਰ ਦੇ ਡਰ ਦੇ ਵਿਚਕਾਰ ਰਿਸ਼ੀ ਸੁਨਕ ਨੇ ਐਲਾਨ ਕੀਤਾ ਹੈ ਕਿ ਉਹ ਭਲਕੇ ਪ੍ਰਧਾਨ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦੇ ਦੇਣਗੇ।

# ਭਾਰਤ ਦੇ ਸਭ ਤੋਂ ਸੁੰਦਰ ਦੇਵੀ ਲਕਸ਼ਮੀ ਮੰਦਰ



ਦੇਵੀ ਲਕਸ਼ਮੀ ਜਾਂ ਲਕਸ਼ਮੀ ਦੌਲਤ, ਕਿਸਮਤ ਅਤੇ ਖੁਸ਼ਹਾਲੀ ਦੀ ਹਿੰਦੂ ਦੇਵੀ ਹੈ। ਉਹ ਹਿੰਦੂ ਧਰਮ ਦੇ ਮੁੱਖ ਦੇਵਤਿਆਂ ਵਿੱਚੋਂ ਇੱਕ ਵਿਸ਼ਨੂੰ ਦੀ ਪਤਨੀ ਅਤੇ ਸ਼ਕਤੀ (ਊਰਜਾ) ਹੈ। ਲਕਸ਼ਮੀ ਜੈਨ ਧਰਮ ਵਿੱਚ ਇੱਕ ਮਹੱਤਵਪੂਰਣ ਦੇਵਤਾ ਵੀ ਹੈ ਅਤੇ ਜੈਨ ਮੰਦਰਾਂ ਵਿੱਚ ਪਾਈ ਜਾਂਦੀ ਹੈ। ਲਕਸ਼ਮੀ ਬੋਧੀਆਂ ਲਈ ਭਰਪੂਰਤਾ ਅਤੇ ਕਿਸਮਤ ਦੀ ਦੇਵੀ ਵੀ ਰਹੀ ਹੈ। ਆਓ ਭਾਰਤ ਦੇ ਕੁਝ ਮਸ਼ਹੂਰ ਲਕਸ਼ਮੀ ਮੰਦਰਾਂ ਦੇ ਆਲੇ-ਦੁਆਲੇ ਮੰਦਿਰ ਦਾ ਦੌਰਾ ਕਰੀਏ ਅਤੇ ਉਨ੍ਹਾਂ ਦਾ ਆਸ਼ੀਰਵਾਦ ਪ੍ਰਾਪਤ ਕਰੀਏ।

ਸ਼੍ਰੀਪੁਰਮ ਗੋਲਡਨ ਟੈਂਪਲ, ਭਾਰਤ ਦੇ ਸਭ ਤੋਂ ਵੱਡੇ ਮੰਦਰਾਂ ਵਿੱਚੋਂ ਇੱਕ, ਤਾਮਿਲਨਾਡੂ ਦੇ ਵੇਲੋਰ ਵਿੱਚ ਸਥਿਤ ਹੈ। ਇਹ ਦੇਵੀ ਲਕਸ਼ਮੀ ਨੂੰ ਸਮਰਪਿਤ ਹੈ ਅਤੇ ਭਾਰਤ ਵਿੱਚ ਇੱਕ ਵਿਲੱਖਣ ਮੰਦਰ ਹੈ; ਮੰਦਰ ਅਤੇ ਮੰਦਰ ਦਾ ਬੁਰਜ ਸੋਨੇ ਦੀ ਫੁਆਇਲ ਵਿੱਚ ਲਿਪਿਆ ਹੋਇਆ ਹੈ। ਮੰਦਰ ਵਿੱਚ ਇੱਕ ਤਾਰੇ ਦੇ ਆਕਾਰ ਦਾ ਮਾਰਗ ਹੈ ਜੋ ਸ਼੍ਰੀ ਚੱਕਰ (ਪਹੀਏ) ਨੂੰ ਦਰਸਾਉਂਦਾ ਹੈ ਅਤੇ ਇਹ ਮਲਾਇਕੋਡੀ ਨਾਮਕ ਇੱਕ ਛੋਟੀ ਪਹਾੜੀ ਵਿੱਚ ਸਥਿਤ ਹੈ।





ਦਿੱਲੀ ਵਿੱਚ ਬਿਰਲਾ ਮੰਦਰ ਦਾ ਨਿਰਮਾਣ ਉਦਯੋਗਪਤੀ ਬੀ.ਆਰ. ਬਿਰਲਾ ਅਤੇ ਵਿਜੇ ਤਿਆਗੀ ਨੇ 1939 ਵਿੱਚ ਕੀਤਾ ਸੀ। ਇਹ ਮੰਦਰ ਦੇਵੀ ਲਕਸ਼ਮੀ ਅਤੇ ਵਿਸ਼ਨੂੰ ਨੂੰ ਸਮਰਪਿਤ ਹੈ। ਇੱਕ ਦਿਲਚਸਪ ਤੱਥ ਇਹ ਹੈ ਕਿ, ਬਿਰਲਾ ਮੰਦਰ ਦਾ ਉਦਘਾਟਨ ਮਹਾਤਮਾ ਗਾਂਧੀ ਦੁਆਰਾ ਕੀਤਾ ਗਿਆ ਸੀ ਅਤੇ ਅੱਜ ਇਹ ਦਿੱਲੀ ਦੇ ਪ੍ਰਮੁੱਖ ਸੈਲਾਨੀ ਆਕਰਸ਼ਣਾਂ ਵਿੱਚੋਂ ਇੱਕ ਹੈ। ਦੀਵਾਲੀ ਦੇ ਤਿਉਹਾਰ ਅਤੇ ਕ੍ਰਿਸ਼ਨ ਜਨਮ ਅਸ਼ਟਮੀ ਦੌਰਾਨ ਵੱਡੀ ਗਿਣਤੀ ਵਿੱਚ ਸ਼ਰਧਾਲੂ ਇਸ ਮੰਦਰ ਵਿੱਚ ਆਉਂਦੇ ਹਨ।




ਮਹਾਲਕਸ਼ਮੀ ਮੰਦਿਰ ਇੱਕ ਮੰਦਿਰ ਹੈ ਜੋ ਦੇਵੀ ਲਕਸ਼ਮੀ ਨੂੰ ਸਮਰਪਿਤ ਹੈ। ਇਹ ਮੁੰਬਈ ਦੇ ਪ੍ਰਸਿੱਧ ਮੰਦਰਾਂ ਵਿੱਚੋਂ ਇੱਕ ਹੈ। ਇਸ ਮੰਦਰ ਦੀ ਹੌਰਨਬੀ ਵੇਲਾਰਡ (ਮੁੰਬਈ ਦੇ ਸਾਰੇ ਟਾਪੂਆਂ ਨੂੰ ਜੋੜਨ ਵਾਲਾ ਪੁਲ) ਦੀ ਇਮਾਰਤ ਨਾਲ ਸਬੰਧਤ ਇੱਕ ਦਿਲਚਸਪ ਕਹਾਣੀ ਹੈ।



ਹੌਰਨਬੀ ਵੇਲਾਰਡ ਦੀ ਕੰਧ ਦੋ ਵਾਰ ਢਹਿ ਜਾਣ ਤੋਂ ਬਾਅਦ, ਇੰਜੀਨੀਅਰ ਨੇ ਦੇਵੀ ਲਕਸ਼ਮੀ ਦਾ ਸੁਪਨਾ ਦੇਖਿਆ। ਹੈਰਾਨੀ ਦੀ ਗੱਲ ਹੈ ਕਿ ਇਲਾਕੇ 'ਚ ਤਲਾਸ਼ੀ ਲੈਣ 'ਤੇ ਦੇਵੀ ਦੀ ਮੂਰਤੀ ਮਿਲੀ। ਇਸ ਲਈ, ਮੂਰਤੀ ਸਥਾਪਿਤ ਕੀਤੀ ਗਈ ਅਤੇ ਇੱਕ ਮੰਦਰ ਬਣਾਇਆ ਗਿਆ। ਇਹ ਸਿਰਫ ਬਾਅਦ ਵਿੱਚ ਹੈ ਕਿ ਹੌਰਨਬੀ ਵੇਲਾਰਡ ਪ੍ਰੋਜੈਕਟ ਪੂਰਾ ਹੋਇਆ ਸੀ।



ਡੋਡਾਗੱਦਾਵੱਲੀ ਵਿੱਚ ਲਕਸ਼ਮੀ ਦੇਵੀ ਮੰਦਿਰ ਕਰਨਾਟਕ ਵਿੱਚ ਹੋਯਸਾਲਸ ਦੇ ਸਮੇਂ ਨਾਲ ਸਬੰਧਤ ਹੈ। ਲਕਸ਼ਮੀ ਦੇਵੀ ਮੰਦਿਰ ਹੋਯਸਾਲਾ ਸ਼ੈਲੀ ਦੇ ਸਭ ਤੋਂ ਪੁਰਾਣੇ ਮੰਦਰਾਂ ਵਿੱਚੋਂ ਇੱਕ ਹੈ। ਮੰਦਰ ਕੰਪਲੈਕਸ ਵਿੱਚ ਕਈ ਹੋਰ ਹਿੰਦੂ ਦੇਵੀ-ਦੇਵਤੇ ਵੀ ਹਨ। ਹਾਸਨ ਦੇ ਇਸ ਮੰਦਰ ਦਾ ਦੌਰਾ ਇਸ ਦੇ ਪ੍ਰਾਚੀਨ ਅਤੇ ਗੁੰਝਲਦਾਰ ਆਰਕੀਟੈਕਚਰ ਲਈ ਜ਼ਰੂਰੀ ਹੈ।



ਅਸ਼ਟਲਕਸ਼ਮੀ ਮੰਦਿਰ ਵਿੱਚ ਦੇਵੀ ਲਕਸ਼ਮੀ ਦੇ ਸਾਰੇ 8 ਰੂਪਾਂ ਦੀ ਪੂਜਾ ਕੀਤੀ ਜਾਂਦੀ ਹੈ; ਮੰਦਰ ਕੰਪਲੈਕਸ ਵਿੱਚ ਲਕਸ਼ਮੀ ਦੇ ਹਰ ਰੂਪ ਨੂੰ ਸਮਰਪਿਤ ਅਸਥਾਨ ਹਨ। ਅਸ਼ਟਲਕਸ਼ਮੀ ਕੋਵਿਲ ਚੇਨਈ ਵਿੱਚ ਇਲੀਅਟ ਬੀਚ ਦੇ ਨੇੜੇ ਸਥਿਤ ਹੈ। ਲਕਸ਼ਮੀ ਅਤੇ ਉਸਦੀ ਪਤਨੀ ਵਿਸ਼ਨੂੰ ਦੇ ਮੁੱਖ ਦੇਵਤਿਆਂ ਤੋਂ ਸ਼ੁਰੂ ਹੋ ਕੇ, ਕਿਸੇ ਨੂੰ ਦੌਲਤ, ਸੰਤਾਨ, ਸਫਲਤਾ, ਖੁਸ਼ਹਾਲੀ, ਸਾਹਸ, ਭੋਜਨ, ਗਿਆਨ ਅਤੇ ਬਹਾਦਰੀ ਦੀਆਂ ਦੇਵੀ ਦੇਵਤਿਆਂ ਦੇ ਤੀਰਥਾਂ ਦੇ ਦੁਆਲੇ ਜਾਣਾ ਪੈਂਦਾ ਹੈ।

ਕੋਲਹਾਪੁਰ ਮਹਾਰਾਸ਼ਟਰ ਦੇ ਮਹਾਲਕਸ਼ਮੀ ਮੰਦਰ ਲਈ ਜਾਣਿਆ ਜਾਂਦਾ ਹੈ। ਇਹ ਸ਼ਕਤੀਪੀਠ ਹਿੰਦੂਆਂ ਲਈ ਇੱਕ ਪ੍ਰਸਿੱਧ ਤੀਰਥ ਸਥਾਨ ਹੈ। ਅਜਿਹਾ ਮੰਨਿਆ ਜਾਂਦਾ ਹੈ ਕਿ ਭਗਵਾਨ ਵਿਸ਼ਨੂੰ ਨੂੰ ਇਸ ਖੇਤਰ ਦਾ ਬਹੁਤ ਸ਼ੌਕ ਹੈ ਕਿਉਂਕਿ ਇਹ ਉਨ੍ਹਾਂ ਦੀ ਪਤਨੀ ਲਕਸ਼ਮੀ ਦਾ ਸਥਾਨ ਹੈ। ਲੋਕ ਵਿਸ਼ਵਾਸ ਕਰਦੇ ਹਨ ਕਿ ਵਿਸ਼ਨੂੰ ਅਤੇ ਲਕਸ਼ਮੀ ਦੋਵੇਂ ਇਸ ਖੇਤਰ ਵਿੱਚ ਰਹਿੰਦੇ ਹਨ ਅਤੇ ਆਸ਼ੀਰਵਾਦ ਦਿੰਦੇ ਹਨ। ਕੋਲਹਾਪੁਰ ਮੰਦਿਰ ਕਰਨਾਟਕ ਦੇ ਚਾਲੂਕਿਆ ਦੁਆਰਾ ਬਣਾਇਆ ਗਿਆ ਸੀ ਅਤੇ ਅੱਜ ਇਹ ਭਾਰਤ ਦੇ ਪ੍ਰਸਿੱਧ ਮੰਦਰਾਂ ਵਿੱਚੋਂ ਇੱਕ ਹੈ।





ਕੈਲਾ ਦੇਵੀ ਨੂੰ ਮਹਾਲਕਸ਼ਮੀ ਜਾਂ ਦੌਲਤ ਦੀ ਦੇਵੀ ਦਾ ਰੂਪ ਮੰਨਿਆ ਜਾਂਦਾ ਹੈ। ਕਰੌਲੀ ਜ਼ਿਲ੍ਹੇ ਵਿੱਚ ਸਥਿਤ ਇਹ ਮੰਦਰ ਪੱਛਮੀ ਭਾਰਤ ਵਿੱਚ ਰਾਜਸਥਾਨ ਰਾਜ ਦਾ ਇੱਕ ਜ਼ਿਲ੍ਹਾ ਹੈ।

ਦੇਵੀ ਲਕਸ਼ਮੀ ਨੂੰ ਸਮਰਪਿਤ ਇੱਕ ਸ਼ਾਨਦਾਰ ਮੰਦਰ ਹੈਦਰਾਬਾਦ ਸ਼ਹਿਰ ਦੇ ਬਾਹਰਵਾਰ ਵੱਖਰੇ ਤੌਰ 'ਤੇ ਖੜ੍ਹਾ ਹੈ। ਦੌਲਤ ਦੀ ਦੇਵੀ, ਲਕਸ਼ਮੀ, ਲੋਕਾਂ ਦੇ ਦਿਲਾਂ ਵਿੱਚ ਇੱਕ ਵਿਸ਼ੇਸ਼ ਸਥਾਨ ਪਾਉਂਦੀ ਹੈ ਕਿਉਂਕਿ ਉਹ ਖੁਸ਼ਹਾਲੀ ਅਤੇ ਖੁਸ਼ਹਾਲੀ ਦੇ ਨਾਲ-ਨਾਲ ਮੁਕਤੀ ਵੀ ਲਿਆਉਂਦੀ ਹੈ।





ਅਸ਼ਟ ਲਕਸ਼ਮੀ ਮੰਦਰ ਨੂੰ ਅਪ੍ਰੈਲ 1996 ਵਿੱਚ ਪਵਿੱਤਰ ਕੀਤਾ ਗਿਆ ਸੀ, ਅਤੇ ਇਹ ਆਂਧਰਾ ਪ੍ਰਦੇਸ਼ ਰਾਜ ਵਿੱਚ ਆਪਣੀ ਕਿਸਮ ਦਾ ਇੱਕ ਹੈ। ਸ਼ਾਨਦਾਰ ਅਸ਼ਟ ਲਕਸ਼ਮੀ ਮੰਦਿਰ ਨੂੰ ਇਸ ਦੇ ਮੌਜੂਦਾ ਰੂਪ ਵਿਚ ਲਿਆਉਣ ਲਈ ਪੰਜ ਸਾਲ ਦਾ ਨਿਰਵਿਘਨ ਕੰਮ ਅਤੇ ਕੁੱਲ 10 ਮਿਲੀਅਨ ਰੁਪਏ ਖਰਚੇ ਗਏ।